Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
Royal Canadian Realty Brokerage
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 18 *Issue 150 | Tuesday, August 06, 2019 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWS | *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

# ਮੋਦੀ ਸਰਕਾਰ ਦਾ ਵੱਡਾ ਫ਼ੈਸਲਾ: ਜੰਮੂ-ਕਸ਼ਮੀਰ ਤੇ ਲੱਦਾਖ ਦੋ ਵੱਖੋ-ਵੱਖਰੇ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਦਿੱਤੇ ਗਏ






ਨਵੀਂ ਦਿੱਲੀ, 5 ਅਗਸਤ, (ਪੋਸਟ ਬਿਊਰੋ)- ਭਾਰਤ ਦੀ ਕੇਂਦਰੀ ਸਰਕਾਰ ਦੀ ਅਗਵਾਈ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਨੇ ਆਪਣੀ ਪੁਰਾਣੀ ਸਿਆਸੀ ਮੰਗ ਕਿ ਜੰਮੂ-ਕਸ਼ਮੀਰ ਦੀ ਧਾਰਾ 370 ਖਤਮ ਕਰ ਕੇ ਇਸ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਜਾਵੇ, ਪੂਰੀ ਕਰ ਲਈ ਹੈ। ਅੱਜ ਸੋਮਵਾਰ ਨੂੰ ਇਸ ਇਤਿਹਾਸਕ ਬਦਲਾਅ ਦੀ ਸ਼ੁਰੂਆਤ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਇਸ ਬਾਰੇ ਰਾਸ਼ਟਰਪਤੀ ਨੂੰ ਕੀਤੀ ਗਈ ਸਿਫਾਰਸ਼ ਨਾਲ ਹੋਈ ਕੀਤੀ ਤੇਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣ ਦੀ ਉਨ੍ਹਾਂ ਦੀ ਸਿਫ਼ਾਰਸ਼ ਨੂੰ ਰਾਸ਼ਟਰਪਤੀ ਨੇ ਮਨਜ਼ੂਰੀ ਦੇ ਦਿੱਤੀ ਹੈ। ਗ੍ਰਹਿ ਮੰਤਰੀ ਦੇ ਇਸ ਸੰਬੰਧ ਵਿੱਚ ਰਾਜ ਸਭਾ ਵਿੱਚ ਮਤਾ ਪੇਸ਼ ਕਰਦੇ ਸਾਰ ਹੀ ਜ਼ੋਰਦਾਰ ਹੰਗਾਮਾ ਸ਼ੁਰੂ ਹੋ ਗਿਆ, ਜਿਸ ਦੌਰਾਨ ਸਾਰਾ ਦਿਨ ਇਸ ਤਰ੍ਹਾਂ ਹੀ ਕਾਰਵਾਈ ਚੱਲਦੀ ਰਹੀ ਅਤੇ ਸ਼ਾਮ ਤੱਕ ਨਿਪਟ ਗਈ। ਰਾਸ਼ਟਰਪਤੀ ਦੀ ਮਨਜ਼ੂਰੀ ਮਿਲਣਪਿੱਛੋਂ ਆਰਟੀਕਲ 370 ਵਾਲੇ ਬਾਕੀ ਪ੍ਰਬੰਧ ਅੱਗੇ ਤੋਂਜੰਮੂ-ਕਸ਼ਮੀਰ ਦੇ ਸੰਬੰਧ ਵਿੱਚ ਲਾਗੂ ਨਹੀਂ ਹੋਣਗੇ, ਸਿਰਫ਼ ਇਕ ਹਿੱਸਾ ਲਾਗੂ ਰਹੇਗਾ। ਇਸ ਦੌਰਾਨ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਖਤਮ ਕਰ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਦਰਜਾ ਦੇ ਦਿੱਤਾ ਗਿਆ ਹੈ ਤੇ ਇਸ ਵਿੱਚੋਂ ਲੱਦਾਖ ਵਾਲਾ ਇਲਾਕਾ ਕੱਟ ਕੇ ਵੱਖਰਾ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ ਹੈ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਭਾਜਪਾ ਸਰਕਾਰ ਨੇ ਦੇਸ਼ ਦਾ ਸਿਰ ਵੱਢ ਦਿੱਤੈ : ਕਾਂਗਰਸ



ਪੰਨਾ 3

ਜੰਮੂ-ਕਸ਼ਮੀਰ ਦੀ ਧਾਰਾ-370 ਖ਼ਤਮ ਹੋਣ ਤੋਂ ਭੜਕੇ ਪਾਕਿਸਤਾਨ ਦੀ ਭਾਰਤ ਨੂੰ ਧਮਕੀ



ਪੰਨਾ 4

# ਭਾਰਤ ਸਰਕਾਰ ਦੀ ਸਾਨੂੰ ਕੋਈ ਹਿਮਾਇਤ ਨਹੀਂ : ਸ਼ੀਅਰ



ਟੋਰਾਂਟੋ, 5 ਅਗਸਤ (ਪੋਸਟ ਬਿਊਰੋ)- ਬੀਤੇ ਸ਼ੁੱਕਰਵਾਰ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਐਂਡ੍ਰਿਊ ਸ਼ੀਅਰ ਵਲੋਂ ਐਥਨਿਕ ਮੀਡੀਆ ਨਾਲ ਵਾਰਤਾਲਾਪ ਦੌਰਾਨ ਖੁਲਾਸਾ ਕੀਤਾ ਗਿਆ ਹੈ ਕਿ ਜੇਰਾਡ ਬੱਟ ਵਲੋਂ ਇਹ ਕਿਹਾ ਜਾਣਾ ਕਿ ਟਰੂਡੋ ਦੀ ਭਾਰਤ ਫੇਰੀ ਨੂੰ ਭਾਰਤ ਸਰਕਾਰ ਵਲੋਂ ਜਾਣਬੁਝ ਕੇ ਖਰਾਬ ਕੀਤਾ ਗਿਆ ਹੈ ਅਤੇ ਭਾਰਤ ਸਰਕਾਰ ਲਿਬਰਲਾਂ ਨੂੰ ਹਰਾ ਕੇ ਕੰਜ਼ਵਰਵੇਟਿਵ ਨੂੰ ਜਿਤਾਉਣਾ ਚਾਹੁੰਦੀ ਹੈ, ਇਸ ਵਿਚ ਕੋਈ ਸੱਚਾਈ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਂ ਭਾਰਤ ਫੇਰੀ ਉਤੇ ਗਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵੱਖ-ਵੱਖ ਮੁੱਦਿਆਂ ਉਤੇ ਗੱਲਬਾਤ ਕੀਤੀ। ਪਰ ਸਾਡੇ ਵਿਚ ਕੋਈ ਵੀ ਅਜਿਹੀ ਗੱਲਬਾਤ ਨਹੀਂ ਹੈ ਕਿ ਭਾਜਪਾ ਕੰਜ਼ਰਵੇਟਿਵ ਨੂੰ ਜਿਤਾਉਣ ਲਈ ਹਿਮ-ਾਇਤ ਕਰ ਰਹੀ ਹੈ। ਉਨ੍ਹਾਂ ਕਿਹਾ ਲਿਬਰਲ ਸਰਕਾਰ ਨੂੰ ਆਪਣੇ ਆਪ ਨੂੰ ਅੰਤਰਰਾਸ਼ਟਰੀ ਮੰਚ ਉਤੇ ਪੇਸ਼ ਕਰਨ ਦਾ ਸਲੀਕਾ ਆਉਣਾ ਚਾਹੀਦਾ ਹੈ ਨਾ ਕਿ ਹੋਰਾਂ ਉਤੇ ਇਲਜ਼ਾਮ ਲਾਉਣ ਦਾ। ਇਮੀਗ੍ਰੇਸ਼ਨ ਦੇ ਮੁੱਦੇ ਉਤੇ ਜਦੋਂ ਉਨ੍ਹਾਂ ਤੋ ਇਹ ਪੁੱਛਿਆ ਗਿਆ ਕਿ ਤੁਹਾਡੀ ਇਮੀਗ੍ਰੇਸ਼ਨ ਪਾਲਿਸੀ ਵਿਚ ਸਿਰਫ 3 ਸ਼ਬਦ ਆਰਡਰਲੀ, ਕੰਪੈਸਨੇਟ ਐਂਡ ਫੇਅਰ ਪਾਲਿਸੀ ਹੋਵੇਗੀ, ਕਹਿ ਕੇ ਛੱਡ ਦਿੱਤਾ ਗਿਆ ਹੈ।

...ਬਾਕੀ ਪੰਨਾ 6 'ਤੇ

# ਲਾਵਾਲ ਵਿੱਚ ਦੋ ਟਰੈਕਟਰ ਟਰੇਲਰਜ਼ ਤੇ ਛੇ ਗੱਡੀਆਂ ਆਪਸ ਵਿੱਚ ਟਕਰਾਈਆਂ, 3 ਹਲਾਕ



ਲਾਵਾਲ, 5 ਅਗਸਤ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਲਾਵਾਲ ਵਿੱਚ ਦੋ ਟਰੈਕਟਰ ਟਰੇਲਰਜ਼ ਤੇ ਛੇ ਹੋਰਨਾਂ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਕਾਰਨ ਤਿੰਨ ਵਿਅਕਤੀ ਮਾਰੇ ਗਏ। ਇਸ ਹਾਦਸੇ ਕਾਰਨ ਲੱਗੀ ਅੱਗ ਤੇ ਧੂੰਆਂ ਦੂਰੋਂ ਹੀ ਨਜ਼ਰ ਆ ਰਿਹਾ ਸੀ। ਦ ਸੁਰੇਤੇ ਡੂ ਕਿਊਬਿਕ ਨੇ ਆਖਿਆ ਕਿ ਭਾਰੀ ਟਰੱਕ ਹਾਈਵੇਅ 15 ਨੇੜੇ ਹਾਈਵੇਅ 440 ਉੱਤੇ ਪੱਛਮ ਵੱਲ ਜਾ ਰਹੇ ਸਨ ਜਦੋਂ ਦੁਪਹਿਰੇ 3:35 ਉੱਤੇ ਇਹ ਹਾਦਸਾ ਵਾਪਰਿਆ। ਪੁਲਿਸ ਅਜੇ ਵੀ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਲਾਵਾਲ ਦੇ ਫਾਇਰਫਾਈਟਰਜ਼ ਵਿੱਚੋਂ ਇੱਕ ਨੇ ਦੱਸਿਆ ਕਿ ਇੱਕ ਟਰੱਕ ਡਰਾਈਵਰ ਸਮੇਂ ਉੱਤੇ ਬ੍ਰੇਕਾਂ ਨਹੀਂ ਮਾਰ ਸਕਿਆ ਇਸ ਲਈ ਉਹ ਦੂਜੇ ਟਰੱਕ ਵਿੱਚ ਜਾ ਵੱਜਿਆ।

ਇਸ ਹਾਦਸੇ ਵਿੱਚ ਦੋ ਗੱਡੀਆਂ ਵਿੱਚ ਯਾਤਰੀ ਸਵਾਰ ਸਨ, ਇੱਕ ਗੱਡੀ ਐਸਯੂਵੀ ਜਾਂ ਮਿਨੀਵੈਨ ਲੱਗ ਰਹੀ ਸੀ ਤੇ ਇਹ ਗੱਡੀਆਂ ਹਾਦਸੇ ਦੌਰਾਨ 18 ਵ੍ਹੀਲਰਜ਼ ਦੇ ਹੇਠਾਂ ਆ ਗਈਆਂ। ਇੱਕ ਹੋਰ ਐਸਯੂਵੀ ਇੱਕ ਪਾਸੇ ਪਲਟ ਗਈ ਤੇ ਹਾਈਵੇਅ ਅਤੇ ਸਰਵਿਸ ਰੋਡ ਦੇ ਨਾਲ ਲੱਗੀ ਵਾੜ ਨਾਲ ਜਾ ਟਕਰਾਈ। ਇੱਕ ਹੋਰ ਕਾਲੇ ਰੰਗ ਦੀ ਕਾਰ ਵੀ ਘੁੰਮ ਕੇ ਵਾੜ ਨਾਲ ਜਾ ਟਕਰਾਈ ਪਰ ਉਹ ਪਲਟੀ ਨਹੀਂ।

...ਬਾਕੀ ਪੰਨਾ 6 'ਤੇ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
• LIFE INSURANCE • MORTGAGE INSURANCE
• CRITICAL ILLNESS INS • DISABILITY INSURANCE
• TRAVEL INS • FUNERAL INSURANCE
• RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
❖Immigration
❖Real Estate / Commercial Law
❖Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration / Real Estate
Family Law / Business Closing
Corporate / Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd, Mcvean Dr, Gore Rd, Dentistry, Squire Ellis Dr, Countryside Dr



# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi



# TCMPLUS
10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill



# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

KITCHEN CABINET
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate
100% Satisfaction

We Specialize in granite, quartz & marble countertops

KITCHEN CABINET
WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
416-200-0931



# SASH FLEET HOLDING LTD
Established since 2007

NOW HIRING!!!
AZ DRIVERS FOR US
- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

HIRING!!! Operations Manager
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com



Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਨਹੀਂ ਸੀ ਸਮਝਿਆ ਕੋਈ ਤਾਂ ਨਾ ਸਮਝੇ,
ਪਿਛਲੇ ਹਫਤੇ ਦੀ ਛਿੜੀ ਸੀ ਗੱਲ ਬੇਲੀ।
ਕਰਦੀ ਚਿਰਾਂ ਦੀ ਭਾਜਪਾ ਮੰਗ ਜਿਹੜੀ,
ਆਖਰ ਦਿੱਤੀ ਉਹ ਚਾਲ ਹੈ ਚੱਲ ਬੇਲੀ।
ਦਰਜਾ ਬਦਲ'ਤਾ ਜੰਮੂ-ਕਸ਼ਮੀਰ ਵਾਲਾ,
ਭਾਜਪਾ ਸਮਝਦੀ ਮਾਰ ਲਈ ਮੱਲ ਬੇਲੀ।
ਖੜਿਆਂ ਪਾਣੀਆਂ ਵਿੱਚ ਆ ਢੀਮ ਮਾਰੀ,
ਉੱਠਦੀ ਵੇਖਣੀ ਰਹਿੰਦੀ ਆ ਛੱਲ ਬੇਲੀ।
ਸਖਤੀਆਂ ਨਾਲ ਨਾ ਹੁੰਦੇ ਨੇ ਹੱਲ ਮਸਲੇ,
ਚੁੱਕਣੇ ਕਦਮ ਕਈ ਪੈਂਦੇ ਨੇ ਹੋਰ ਬੇਲੀ।
ਮੰਗਣੀ ਚਾਹੀਦੀ ਸੁੱਖ ਭਵਿੱਖ ਦੇ ਲਈ,
ਜੀਹਦੀ ਕਿਸੇ ਦੇ ਹੱਥ ਨਹੀਂ ਡੋਰ ਬੇਲੀ।

ਤੀਸ ਮਾਰ ਖਾਂ

# ਕਾਂਗਰਸ ਪਾਰਟੀ ਨੇ ਕਿਹਾ: ਭਾਜਪਾ ਸਰਕਾਰ ਨੇ ਦੇਸ਼ ਦਾ ਸਿਰ ਵੱਢ ਦਿੱਤੈ, ਦੇਸ਼ ਨਾਲ ਗਦਾਰੀ ਕੀਤੀ ਹੈ

ਨਵੀਂ ਦਿੱਲੀ, 5 ਅਗਸਤ, (ਪੋਸਟ ਬਿਊਰੋ)- ਜੰਮੂ ਕਸ਼ਮੀਰ ਵਿੱਚਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਹਟਾਉਣ ਤੇ ਇਸ ਰਾਜ ਨੂੰ ਦੋ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਵੰਡੇ ਜਾਣ ਦੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੇ ਫ਼ੈਸਲੇ ਦੀ ਅਲੋਚਨਾ ਕਰਦਿਆਂ ਕਾਂ-ਗਰਸ ਪਾਰਟੀ ਨੇ ਅੱਜ ਸੋਮਵਾਰ ਨੂੰ ਕਿਹਾ ਹੈ ਕਿ 'ਭਾਜਪਾ ਦੀ ਸਰਕਾਰ ਨੇ ਭਾਰਤ ਦਾ ਸਿਰ ਵੱਢ ਦਿਤਾ ਤੇ ਇਸ ਤਰ੍ਹਾਂ ਭਾਰਤ ਨਾਲ ਗਦਾਰੀ ਕੀਤੀ ਗਈ ਹੈ।'ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਜੰਮੂ-ਕਸ਼ਮੀਰ ਦੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਸਰਕਾਰ ਨੇ ਚੀਨ ਅਤੇ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਸੰਵੇਦਨਸ਼ੀਲ ਰਾਜਾਂ ਨਾਲ ਖਿਲਵਾੜ ਕੀਤਾ ਹੈ, ਜਿਸ ਦਾ ਉਨ੍ਹਾਂ ਦੀ ਪਾਰਟੀ ਵਿਰੋਧ ਕਰੇਗੀ।

ਆਜ਼ਾਦ ਨੇ ਕਿਹਾ ਕਿ ਜੰਮੂ ਕਸ਼ਮੀਰ ਵਰਗੇ ਨਾਜ਼ਕ ਸਰਹੱਦੀ ਰਾਜ ਵਿਚ ਉਥੋਂ ਦੀ ਜਨਤਾ ਨੂੰ ਨਾਲ ਲਏ ਬਗ਼ੈਰ ਸਿਰਫ਼ ਫ਼ੌਜ ਦੀ ਤਾਕਤ ਆਸਰੇ ਦੁਸ਼ਮਣਾ ਨਾਲ ਨਹੀਂ ਲੜਿਆ ਜਾ ਸਕਦਾ। ਪਾਰਲੀਮੈਂਟ ਭਵਨ ਕੈਂਪਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨਆਜ਼ਾਦ ਨੇ ਕਿਹਾ, '1927 ਤੋਂ ਬਾਅਦ ਇਹ ਅਣਹੋਣੀ ਪਾਰਲੀਮੈਂਟਵਲੋਂ ਕੀਤੀ ਗਈ ਹੈ। ਜੰਮੂ ਕਸ਼ਮੀਰ ਨੂੰ ਭਾਰਤ ਨਾਲ ਰੱਖਣ ਲਈ ਲੱਖਾਂ ਲੋਕਾਂ ਨੇ ਕੁਰਬਾਨੀਆਂ ਦਿਤੀਆਂ ਹਨ। ਜਦੋਂਕਦੇ ਵੀ ਅਤਿਵਾਦ ਸਿਰ



ਚੁੱਕਦਾ ਰਿਹਾ, ਇਸ ਦਾ ਮੁਕਾਬਲਾ ਕਸ਼ਮੀਰ ਦੀ ਜਨਤਾ, ਉਥੋਂ ਦੀਆਂ ਮੁੱਖ ਪਾਰਟੀਆਂ ਅਤੇ ਸਾਡੇ ਸੁਰੱਖਿਆ ਬਲਾਂ ਨੇ ਕੀਤਾ ਸੀ।' ਉਨ੍ਹਾਂ ਕਿਹਾ, 'ਜੰਮੂ ਕਸ਼ਮੀਰ ਨੂੰ 370 ਨੇ ਇਕ ਧਾਗੇ ਨਾਲ ਬੰਨ੍ਹ ਕੇ ਰੱਖਿਆ ਸੀ, ਭਾਜਪਾ ਸਰਕਾਰ ਨੇ ਸੱਤਾ ਦੇ ਨਸ਼ੇ ਅਤੇ ਵੋਟਾਂ ਹਾਸਲ ਕਰਨ ਲਈ ਸਿਆਸਤ, ਸੱਭਿਆਚਾਰਤੇ ਭੂਗੋਲ ਤੋਂ ਵੱਖਰੇ ਇਸ ਰਾਜ ਵਿੱਚ ਇਕੋ ਝਟਕੇ ਵਿਚ 3-4 ਚੀਜ਼ਾਂ ਨੂੰ ਖ਼ਤਮ ਕਰ ਦਿਤਾ ਹੈ। ਇਹ ਹਿੰਦੋਸਤਾਨ ਦੇ ਇਤਹਾਸ ਵਿੱਚ ਕਾਲੇ ਅੱਖਰਾਂ ਵਿਚ ਲਿਖਿਆ ਜਾਵੇਗਾ।'

ਗੁਲਾਮ ਨਬੀ ਆਜ਼ਾਦ ਨੇ ਕਿਹਾ, '370 ਨੂੰ ਖ਼ਤਮ ਕਰਨ ਵੇਲੇ ਇਹ ਰਾਜ ਵੀ ਵੰਡ ਦਿਤਾ ਗਿਆ। ਜੰਮੂ ਕਸ਼ਮੀਰ ਵਿਚ ਅੱਗੇ ਤੋਂ ਗਵਰਨਰ ਨਹੀਂ, ਲੈਫਟੀਨੈਂਟ ਗਵਰਨਰ ਹੋਵੇਗਾ। ਇਹ ਕਦੇ ਸੁਫ਼ਨੇ ਵਿਚ ਨਹੀਂ ਸੋਚਿਆ ਗਿਆ ਸੀ ਕਿ ਐਨਡੀਏ ਸਰਕਾਰ ਇਥੋਂ ਤਕ ਜਾਵੇਗੀ ਕਿ ਜੰਮੂ ਕਸ਼ਮੀਰ ਰਾਜ ਦੀ ਹੋਂਦ ਖ਼ਤਮ ਕਰ ਦੇਵੇ।' ਉਨ੍ਹਾਂ ਕਿਹਾ ਕਿ ਪਹਿਲਾਂ ਵਿਰੋਧੀ ਕੁਝ ਬੋਲਦੇ ਸਨ ਤਾਂ ਰਾਜ ਸਭਾ ਤੇ ਲੋਕ ਸਭਾ ਦੇ ਚੈਨਲ ਟੈਲੀਕਾਸਟ ਕਰਦੇ ਸਨ, ਪਰ ਅੱਜ ਸਵੇਰ ਤੋਂ ਕਾਂਗਰਸ, ਤ੍ਰਿਣਮੂਲ ਕਾਂਗਰਸ, ਸੀਪੀਆਈ ਐਮ, ਡੀਐਮ ਕੇ, ਸਮਾਜਵਾਦੀ ਪਾਰਟੀ ਅਤੇ ਕਈ ਹੋਰ ਧਿਰਾਂ ਦੇ ਲੋਕ ਧਰਨੇ ਉੱਤੇ ਬੈਠੇ ਹਨ, ਇਸ ਨੂੰ ਦੇਸ਼ ਦੀ ਜਨਤਾ ਨੂੰ ਦਿਖਾਇਆ ਵੀਨਹੀਂ ਜਾ ਰਿਹਾ।

## ਸੀਨੀਅਰ ਲਿਬਰਲ ਐਮਪੀ ਡੈਨਿਸ ਪੈਰਾਡਿਸ ਨਹੀਂ ਲੈਣਗੇ ਫੈਡਰਲ ਚੋਣਾਂ ਵਿੱਚ ਹਿੱਸਾ



ਮਾਂਟਰੀਅਲ, 5 ਅਗਸਤ (ਪੋਸਟ ਬਿਊਰੋ) : ਸੀਨੀਅਰ ਲਿਬਰਲ ਐਮਪੀ ਡੈਨਿਸ ਪੈਰਾਡਿਸ ਦਾ ਕਹਿਣਾ ਹੈ ਕਿ ਇਸ ਸਾਲ ਦੇ ਅੰਤ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਵਿੱਚ ਉਹ ਦੁਬਾਰਾ ਖੜ੍ਹੇ ਨਹੀਂ ਹੋਣਗੇ। ਕਿਊਬਿਕ ਦੇ ਇਸ ਐਮਪੀ ਨੇ ਆਪਣੇ ਫੇਸਬੁੱਕ ਪੇਜ ਉੱਤੇ ਇਹ ਸਪਸ਼ਟ ਕੀਤਾ ਹੈ ਕਿ 25 ਸਾਲਾਂ ਤੱਕ ਸਿਆਸਤ ਵਿੱਚ ਰਹਿਣ ਤੇ 15 ਸਾਲ ਤੱਕ ਐਮਪੀ ਬਣੇ ਰਹਿਣ ਤੋਂ ਬਾਅਦ ਹੁਣ ਸਿਆਸਤ ਤੋਂ ਕਿਨਾਰਾ ਕਰਨ ਦਾ ਸਮਾਂ ਆ ਗਿਆ ਹੈ। 1995 ਵਿੱਚ ਬਰੋਮ-ਮਿਸੀਸਿਕੋਈ ਹਲਕੇ ਤੋਂ ਉਹ ਪਹਿਲੀ ਵਾਰੀ ਚੁਣੇ ਗਏ ਸਨ। 2006 ਵਿੱਚ ਆਪਣੀ ਸੀਟ ਗੁਆਉਣ ਤੋਂ ਪਹਿਲਾਂ ਤਿੰਨ ਵਾਰੀ ਉਹ ਮੁੜ ਚੁਣੇ ਗਏ। 2008 ਤੇ 2011 ਵਿੱਚ ਉਹ ਦੂਜੇ ਸਥਾਨ ਉੱਤੇ ਆਉਂਦੇ ਰਹੇ ਤੇ ਫਿਰ 2015 ਵਿੱਚ ਹੋਈਆਂ ਚੋਣਾਂ ਵਿੱਚ ਉਨ੍ਹਾਂ ਮੁੜ ਆਪਣੀ ਸੀਟ ਉੱਤੇ ਕਬਜਾ ਜਮਾਇਆ। ਸਰਕਾਰ ਵਿੱਚ ਰਹਿੰਦਿਆਂ ਉਨ੍ਹਾਂ ਕਈ ਭੂਮਿਕਾਵਾਂ ਨਿਭਾਈਆਂ, ਜਿਨ੍ਹਾਂ ਵਿੱਚ ਲਾ ਫਰੈਂਕੋਫੋਨੀ ਲਈ ਸੈਕਰੇਟਰੀ ਆਫ ਸਟੇਟ, ਲੈਟਿਨ ਅਮੈਰਿਕਾ ਐਂਡ ਐਫਰੀਕਾ ਲਈ 2002 ਤੇ 2003 ਦਰਮਿਆਨ ਸੈਕਰੇਟਰੀ ਆਫ ਸਟੇਟ ਤੇ 2003 ਤੋਂ 2004 ਤੱਕ ਵਿੱਤੀ ਸੰਸਥਾਵਾਂ ਲਈ ਮਨਿਸਟਰ ਆਫ ਸਟੇਟ ਸ਼ਾਮਲ ਹਨ। ਆਪਣੇ ਸੁਨੇਹੇ ਵਿੱਚ ਪੈਰਾਡਿਸ ਨੇ ਆਖਿਆ ਕਿ ਜਿਸ ਵਿਸ਼ੇ, ਖਾਸਤੌਰ ਉੱਤੇ ਵਾਤਾਵਰਣ ਨਾਲ ਜੁੜੇ ਵਿਸ਼ੇ, ਵਿੱਚ ਉਹ ਮਾਹਿਰ ਹਨ ਉਸ ਵਿੱਚ ਉਹ ਅੱਗੇ ਵੀ ਦਿਲਚਸਪੀ ਲੈਣਾ ਜਾਰੀ ਰੱਖਣਗੇ। 70 ਸਾਲਾ ਇਸ ਐਮਪੀ ਨੇ ਆਖਿਆ ਕਿ ਕਈ ਲੋਕਾਂ ਨੇ ਉਨ੍ਹਾਂ ਨੂੰ ਦੁਬਾਰਾ ਚੋਣਾਂ ਵਿੱਚ ਖੜ੍ਹੇ ਹੋਣ ਦੀ ਬੇਨਤੀ ਕੀਤੀ ਹੈ ਪਰ ਉਨ੍ਹਾਂ ਹੁਣ ਸਿਆਸਤ ਤੋਂ ਪਾਸੇ ਹੋਣ ਦਾ ਫੈਸਲਾ ਕਰ ਲਿਆ ਹੈ।

## ਮਾਣਹਾਨੀ ਕੇਸ ਵਿੱਚ ਕੋਰਟ ਨੇ ਵਿਧਾਇਕ ਬੈਂਸ ਨੂੰ ਤਲਬ ਕਰ ਲਿਆ

ਪਟਿਆਲਾ, 5 ਅਗਸਤ (ਪੋਸਟ ਬਿਊਰੋ)- ਲੁਧਿਆਣਾ ਦੇ ਆਤਮ ਨਗਰ ਹਲਕੇ ਦੇ ਵਿਧਾਇਕ ਤੇ ਲੋਕ ਇਨਸਾਫ ਪਾਰਟੀ ਦੇ ਨੇਤਾ ਸਿਮਰਜੀਤ ਸਿੰਘ ਬੈਂਸ ਨੂੰ ਪਟਿਆਲਾ ਦੀ ਇੱਕ ਅਦਾਲਤ ਨੇ ਤਲਬ ਕੀਤਾ ਹੈ। ਵਰਨਣ ਯੋਗ ਹੈ ਕਿ ਸਿਮਰਜੀਤ ਸਿੰਘ ਬੈਂਸ ਦੇ ਵਿਰੁੱਧ ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰ ਨੇ ਮਾਣ-ਹਾਨੀ ਦਾ ਫੌਜਦਾਰੀ ਕੇਸ ਦਾਇਰ ਕੀਤਾ ਸੀ। ਇਸ ਕੇਸ ਵਿੱਚ ਪਟਿਆਲਾ ਦੇ ਜੁਡੀਸ਼ਲ ਮੈਜਿਸਟਰੇਟ ਨਿਧੀ ਸੈਣੀ ਦੀ ਅਦਾਲਤ ਨੇ ਬੈਂਸ ਨੂੰ ਸੰਮਨ ਜਾਰੀ ਕਰ ਕੇ ਦੋ ਸਤੰਬਰ ਨੂੰ ਅਦਾਲਤ ਵਿੱਚ ਪੇਸ਼ ਹੋਣ ਦਾ ਹੁਕਮ ਦਿੱਤਾ ਹੈ। ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਅਦਾਲਤ ਵਿੱਚ ਇਕ ਅਗਸਤ ਨੂੰ ਪੇਸ਼ੀ ਤੋਂ ਛੋਟ ਲਈ ਅਰਜ਼ੀ ਦਾਇਰ ਕੀਤੀ ਸੀ। ਇਨ੍ਹਾਂ ਜਾਰੀ ਹੋਏ ਸੰਮਨ ਦੀ ਪੁਸ਼ਟੀ ਕਰਦੇ ਹੋਏ ਸ਼ਿਕਾਇਤ ਕਰਤਾ ਦੇ ਵਕੀਲ ਨੇ ਕਿਹਾ ਕਿ ਸਿਮਰਜੀਤ ਸਿੰਘ ਬੈਂਸ ਨੇ ਬ੍ਰਹਮ ਮਹਿੰਦਰਾ ਦੇ ਵਿਰੁੱਧ ਦਵਾਈਆਂ ਦੀ ਕੰਪਨੀ ਬਾਰੇ ਝੂਠੇ ਦੋਸ਼ ਲਾਏ ਸਨ।

## ਟੋਰਾਂਟੋ ਵਿੱਚ ਹਿੰਸਕ ਰਿਹਾ ਵੀਕੈਂਡ, ਵੱਖ ਵੱਖ ਥਾਂਵਾਂ ਉੱਤੇ ਚੱਲੀਆਂ ਗੋਲੀਆਂ ਵਿੱਚ 15 ਵਿਅਕਤੀ ਹੋਏ ਜ਼ਖਮੀ

ਟੋਰਾਂਟੋ, 5 ਅਗਸਤ (ਪੋਸਟ ਬਿਊਰੋ) : ਇਸ ਵੀਕੈਂਡ ਉੱਤੇ 11 ਵੱਖੋ ਵੱਖਰੀਆਂ ਸੂਟਿੰਗ ਦੀਆਂ ਵਾਪਰੀਆਂ ਘਟਨਾਵਾਂ ਵਿੱਚ 13 ਵਿਅਕਤੀ ਜ਼ਖ਼ਮੀ ਹੋ ਗਏ। ਕਈ ਘੰਟੇ ਬਾਅਦ ਟੋਰਾਂਟੋ ਪੁਲਿਸ ਚੀਫ ਮਾਰਕ ਸਾਂਡਰਜ਼ ਨੇ ਦੱਸਿਆ ਕਿ ਦੋ ਹੋਰ ਵਿਅਕਤੀਆਂ ਨੂੰ ਵੀ ਗੋਲੀ ਲੱਗੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੀਫ ਨੇ ਦੱਸਿਆ ਕਿ ਟੋਰਾਂਟੋ ਸਿਟੀ ਲਈ ਇਹ ਵੀਕੈਂਡ ਆਮ ਵਰਗਾ ਨਹੀਂ ਰਿਹਾ। ਪੰਜ ਵੱਖ ਵੱਖ ਥਾਂਵਾਂ ਉੱਤੇ ਵਾਪਰੀਆਂ ਅਜਿਹੀਆਂ ਹਿੰਸਕ ਘਟਨਾਵਾਂ ਦੇ ਬਾਵਜੂਦ ਚੀਫ ਨੇ ਆਖਿਆ ਕਿ ਬਹੁਤੇ ਲੋਕਾਂ ਲਈ ਟੋਰਾਂਟੋ ਸੇਫ ਥਾਂ ਹੈ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਬਹੁਤਾ ਕਰਕੇ ਰਾਤ ਸਮੇਂ ਵਾਪਰ ਰਹੀਆਂ ਹਨ। ਬਹੁਤੇ ਲੋਕ 9 ਤੋਂ 5 ਵਜੇ ਤੱਕ ਆਪਣਾ ਕੰਮ ਖਤਮ ਕਰਨ ਤੋਂ ਬਾਅਦ ਆਪਣੇ ਘਰਾਂ ਵਿੱਚ ਹੁੰਦੇ ਹਨ, ਮਹਿਲਾਵਾਂ ਤੇ ਬੱਚੇ ਵੀ ਅਕਸਰ ਰਾਤ ਸਮੇਂ ਘਰਾਂ ਵਿੱਚ ਹੀ ਹੁੰਦੇ ਹਨ।

ਉਨ੍ਹਾਂ ਆਖਿਆ ਕਿ ਜੇ ਤੁਸੀਂ ਵੀ ਅਜਿਹੇ ਸਮੇਂ ਘਰੇ ਹੁੰਦੇ ਹੋਂ ਤਾਂ ਤੁਹਾਡੇ ਨਾਲ ਵੀ ਅਜਿਹਾ ਕੁੱਝ ਵਾਪਰਨ ਦੀ ਸੰਭਾਵਨਾ ਬਹੁਤ ਘੱਟ ਹੈ। ਅਜਿਹੀ ਇੱਕ ਤਾਜ਼ਾ ਘਟਨਾ ਸ਼ਹਿਰ ਦੇ ਨੌਰਥਵੈਸਟ ਹਿੱਸੇ ਵਿੱਚ ਯੌਰਕਡੇਲ ਸ਼ਾਪਿੰਗ ਸੈਂਟਰ ਨੇੜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ ਤੇ ਇੱਕ ਹੋਰ ਵਿਅਕਤੀ ਵੀ ਇਸ ਹਾਦਸੇ ਵਿੱਚ ਜ਼ਖ਼ਮੀ ਹੋਇਆ।

ਸੋਮਵਾਰ ਸਵੇਰੇ 2:15 ਵਜੇ ਸ਼ਹਿਰ ਦੇ ਨੌਰਥਵੈਸਟ ਵਿੱਚ ਹੀ ਸਥਿਤ ਨਾਈਟਕਲੱਬ ਡਿਸਟ੍ਰਿਕਟ 45 ਵਿੱਚ ਸੱਤ ਵਿਅਕਤੀਆਂ ਨੂੰ ਗੋਲੀ ਲੱਗੀ। ਜਿਸ ਸਮੇਂ ਇਹ ਘਟਨਾ ਵਾਪਰੀ ਉਸ ਸਮੇਂ 100 ਦੇ ਨੇੜੇ ਤੇੜੇ ਲੋਕ ਉੱਥੇ ਹੀ ਮੌਜੂਦ ਸਨ। ਇੱਕ ਵਿਅਕਤੀ ਜਾਨਲੇਵਾ ਰੂਪ ਵਿੱਚ ਜ਼ਖ਼ਮੀ ਹੋਇਆ ਪਰ ਬਾਅਦ ਵਿੱਚ ਉਸ ਦੀ ਹਾਲਤ ਵਿੱਚ ਸੁਧਾਰ ਦੱਸਿਆ



ਗਿਆ। ਹੋਰ ਵਿਅਕਤੀ ਘੱਟ ਜ਼ਖ਼ਮੀ ਹੋਏ ਸਨ। ਚੀਫ ਸਾਂਡਰਜ਼ ਨੇ ਦੱਸਿਆ ਕਿ ਗੋਲੀਆਂ ਦੇ ਖੋਲ ਅੰਦਰ ਵੀ ਮਿਲੇ ਤੇ ਬਾਹਰ ਵੀ ਮਿਲੇ।

ਇਸ ਤੋਂ ਕਈ ਘੰਟੇ ਬਾਅਦ ਸਵੇਰੇ 4:20 ਉੱਤੇ ਦੋ ਹੋਰਨਾਂ ਵਿਅਕਤੀਆਂ ਨੂੰ ਟੋਰਾਂਟੋ ਦੇ ਵਿੱਤੀ ਇਲਾਕੇ ਨੇੜੇ ਚਰਚ ਤੇ ਐਡੀਲੇਡ ਸਟਰੀਟਸ ਲਾਗੇ ਚੱਲੀ ਗੋਲੀ ਵਿੱਚ ਜ਼ਖ਼ਮੀ ਹੋਣ ਕਾਰਨ ਹਸਪਤਾਲ ਦਾਖਲ ਕਰਵਾਇਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ ਦੀ ਹਾਲਤ ਨਾਜ਼ੁਕ ਸੀ ਜਦਕਿ ਦੂਜੇ ਦੀ ਹਾਲਤ ਵੀ ਗੰਭੀਰ ਸੀ ਜਦੋਂ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਐਤਵਾਰ ਨੂੰ ਲਿਬਰਟੀ ਵਿਲੇਜ ਏਰੀਆ ਵਿੱਚ ਵੀ ਗੋਲੀਆਂ ਚੱਲੀਆਂ। ਤੜਕੇ 3:30 ਉੱਤੇ ਸੰਘਣੇ ਰਿਹਾਇਸ਼ੀ ਇਲਾਕੇ ਵਿੱਚ 8 ਤੋਂ 12 ਗੋਲੀਆਂ ਚੱਲਣ ਦੀਆਂ ਰਿਪੋਰਟਾਂ ਮਿਲੀਆਂ। ਦੁਪਹਿਰ ਵੇਲੇ ਵੀ ਇੱਥੇ ਗੋਲੀਆਂ ਚੱਲੀਆਂ ਤੇ ਇੱਕ ਵਿਅਕਤੀ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ। ਸਵੇਰੇ 6:00 ਵਜੇ ਵੀ ਇੱਥੇ ਗੋਲੀ ਚੱਲੀ। ਐਤਵਾਰ ਨੂੰ ਪੌਸ਼ ਬ੍ਰਾਈਡਲ ਪਾਥ ਇਲਾਕੇ ਵਿੱਚ ਇੱਕ ਘਰ ਵਿੱਚ ਗੋਲੀ ਚੱਲੀ। ਇੱਕ ਪੁਰਸ਼ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਬਾਅਦ ਵਿੱਚ ਉਸ ਦੀ ਹਾਲਤ ਸਥਿਰ ਦੱਸੀ ਗਈ। ਜਿਸ ਘਰ ਵਿੱਚ ਗੋਲੀ ਚੱਲੀ ਉਸ ਦਾ ਇਸ਼ਤਿਹਾਰ ਏਅਰਬੀਐਨਬੀ ਉੱਤੇ ਕਿਰਾਏ ਲਈ ਦਿੱਤਾ ਗਿਆ ਸੀ। ਬਾਅਦ ਵਿੱਚ ਏਅਰਬੀਐਨਬੀ ਨੇ ਇਸ ਘਰ ਨੂੰ ਆਪਣੀ ਲਿਸਟ ਵਿੱਚੋਂ ਕੱਢ ਦਿੱਤਾ।

ਸ਼ਨਿੱਚਰਵਾਰ ਨੂੰ ਵੀ ਸ਼ਹਿਰ ਦੇ ਨੌਰਥਵੈਸਟ ਹਿੱਸੇ ਲਈ ਹਿੰਸਕ ਦਿਨ ਰਿਹਾ। ਡਫਰਿਨ ਸਟਰੀਟ ਤੇ ਲਾਰੈਂਸ ਐਵਨਿਊ ਵੈਸਟ ਨੇੜੇ ਦੋ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਏ। ਇੱਕ ਗੰਭੀਰ ਜ਼ਖ਼ਮੀ ਹੋਇਆ ਜਦਕਿ ਦੂਜਾ ਮਾਮੂਲੀ ਰੂਪ ਵਿੱਚ ਜ਼ਖ਼ਮੀ ਹੋਇਆ।

ਮੇਅਰ ਜੌਹਨ ਟੋਰੀ ਨੇ ਬਿਆਨ ਜਾਰੀ ਕਰਕੇ ਇੱਕ ਵਾਰੀ ਫਿਰ ਟੋਰਾਂਟੋ ਵਿੱਚ ਹੈਂਡਗੰਨਜ਼ ਉੱਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਜੰਮੂ-ਕਸ਼ਮੀਰ ਦੀ ਧਾਰਾ-370 ਖ਼ਤਮ ਹੋਣ ਤੋਂ ਭੜਕੇ ਪਾਕਿਸਤਾਨ ਦੀ ਭਾਰਤ ਨੂੰ ਧਮਕੀ

ਇਸਲਾਮਾਬਾਦ, 5 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰਵਿੱਚ ਲਾਗੂ ਧਾਰਾ 370ਨੂੰ ਖਤਮ ਕਰਨ ਦੇ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇਨਾਲ ਪਾਕਿਸਤਾਨ ਵਿੱਚ ਹਾਹਾਕਾਰ ਮੱਚ ਗਈ ਹੈ। ਪਾਕਿਸਤਾਨ ਦਾ ਸ਼ੇਅਰ ਬਾਜ਼ਾਰਵੀ ਵੱਡੀ ਗਿਰਾਵਟ ਨਾਲ ਡਿੱਗ ਪਿਆ ਅਤੇ ਇਮਰਾਨ ਖ਼ਾਨ ਨੇ ਪਾਰਲੀਮੈਂਟਰੀ ਕਮੇਟੀ ਦੀ ਬੈਠਕ ਬੁਲਾ ਕੇ ਅਗਲੇ ਦਿਨ ਮੰਗਲਵਾਰ ਨੂੰ ਪਾਰਲੀਮੈਂਟ ਦੇ ਐਮਰਜੈਂਸੀ ਸੈਸ਼ਨ ਲਈ ਕਮਰ ਕੱਸ ਲਈ ਹੈ।



ਇਸ ਸੰਬੰਧ ਵਿੱਚ ਮੀਡੀਆ ਖਬਰਾਂ ਦੇ ਮੁਤਾਬਕ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮੁਹੰਮਦ ਕੁਰੈਸ਼ੀ ਨੇ ਕਿਹਾ ਹੈ ਕਿ ਭਾਰਤ ਨੇ ਬਹੁਤ ਖ਼ਤਰਨਾਕ ਖੇਡ ਖੇਡੀ ਹੈ, ਸਮੁੱਚੇ ਇਲਾਕੇ ਉੱਤੇ ਇਸ ਦਾ ਖ਼ਤਰਨਾਕ ਅਸਰ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਮਸਲੇ ਨੂੰ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਹੱਲ ਵਲ ਲਿਜਾਣਾ ਚਾਹੁੰਦੇ ਹਨ, ਪਰ ਭਾਰਤ ਸਰਕਾਰ ਨੇ ਇਸ ਕਦਮ ਨਾਲ ਸਮੱਸਿਆ ਹੋਰ ਵਧਾ ਦਿੱਤੀ ਅਤੇ ਕਸ਼ਮੀਰੀ ਲੋਕਾਂ ਉੱਤੇ ਪਹਿਲਾਂ ਤੋਂ ਵੱਧ ਪਹਿਰਾ ਬਿਠਾ ਦਿੱਤਾ ਹੈ। ਅਸੀਂ ਇਸ ਬਾਰੇ ਯੂ ਐੱਨ ਓਅਤੇ ਇਸਲਾਮਿਕ ਦੇਸ਼ਾਂ ਨੂੰ ਵੀ ਜਾਣੂ ਕਰਵਾ ਦਿੱਤਾ ਹੈ।ਪਾਕਿਸਤਾਨ ਦੇਵਿਦੇਸ਼ ਮੰਤਰਾਲੇ ਵਲੋਂ ਜਾਰੀ ਕੀਤੇ ਬਿਆਨਦੇ ਮੁਤਾਬਕ ਇਸ ਕੌਮਾਂਤਰੀ ਵਿਵਾਦ ਵਿੱਚ ਪਾਕਿ-ਸਤਾਨ ਇਕ ਧਿਰ ਵਜੋਂ ਭਾਰਤ ਦੇ ਇਸ ਕਦਮ ਨੂੰ ਖ਼ਤਮ ਕਰਨ ਲਈ ਸਾਰੇ ਸੰਭਵ ਉਪਾਵਾਂ ਨੂੰ ਅਜ਼ਮਾਵੇਗਾ। ਵਰਨਣ ਯੋਗ ਹੈ ਕਿ ਕਸ਼ਮੀਰ ਵਿੱਚ ਭਾਰਤ ਸਰਕਾਰ ਵਲੋਂ ਵਾਧੂ ਸੁਰੱਖਿਆ ਬਲਾਂ ਦੀ ਤਾਇਨਾਤੀ ਕੀਤੇ ਜਾਣ ਤੋਂ ਪਰੇਸ਼ਾਨ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਐਤਵਾਰ ਨੂੰਕੌਮੀ ਸੁਰੱਖਿਆ ਕਮੇਟੀ ਨਾਲ ਬੈਠਕ ਕੀਤੀ ਸੀ, ਜਿਸ ਵਿੱਚ ਇਕ ਵਾਰ ਫਿਰ ਦੁਨੀਆ ਦਾ ਧਿਆਨ ਭਟਕਾਉਣ ਲਈ ਕਸ਼ਮੀਰ ਮੁੱਦੇ ਦਾ ਰਾਗ ਅਲਾਪਿਆ ਗਿਆ ਸੀ। ਇਸ ਬੈਠਕ ਵਿੱਚ ਪਾਕਿਸਤਾਨ ਨੇ ਭਾਰਤ ਉੱਤੇ ਇਹ ਦੋਸ਼ ਲਾਇਆ ਸੀ ਕਿਕੰਟਰੋਲ ਲਾਈਨ ਉੱਤੇ ਭਾਰਤੀ ਫ਼ੌਜੀ ਆਮ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਸ ਦੇ ਬਾਅਦ ਪਾਕਿ-ਸਤਾਨ ਨੇ ਭਾਰਤੀ ਰਾਜਦੂਤ ਨੂੰ ਵੀ ਤਲਬ ਕੀਤਾ ਹੈ।

# ਕੈਪਟਨ ਅਮਰਿੰਦਰ ਸਿੰਘ ਨੇ ਜੰਮੂ-ਕਸ਼ਮੀਰ ਬਾਰੇ ਨਵੇਂ ਫੈਸਲੇ ਨੂੰ ਗ਼ੈਰ-ਸੰਵਿਧਾਨਕ ਕਿਹਾ

## * ਪੰਜਾਬ ਦਾ ਮਾਹੌਲ ਨਹੀਂ ਵਿਗੜਨ ਦਿੱਤਾ ਜਾਵੇਗਾ : ਅਮਰਿੰਦਰ

ਚੰਡੀਗੜ੍ਹ, 5 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਜੰਮੂ-ਕਸ਼ਮੀਰਬਾਰੇ ਕੀਤੇ ਗਏ ਫੈਸਲੇ ਨੂੰ ਗੈਰ-ਸੰਵਿਧਾਨਕ ਮੰਨਿਆ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸੰਵਿਧਾਨਕ ਦੇ ਮੁਤ-ਾਬਿਕ ਨਹੀਂ ਹੈ, ਇਹ ਭਾਰਤੀ ਲੋਕਤੰਤਰ ਲਈ ਕਾਲਾ ਦਿਨ ਹੈ, ਕਿਉਂਕਿ ਭਾਰਤ ਦੇ ਸੰਵਿਧਾਨ ਨੂੰ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਵਿਵਸਥਾ ਦਾ ਪਾਲਨ ਕੀਤੇ ਬਿਨਾਂ ਦੁਬਾਰਾ ਲਿਖਣ ਦੀ ਕੋਸ਼ਿਸ਼ ਕੀਤੀ ਗਈ ਹੈ



ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਜਪਾ ਆਪਣੇ ਬਹੁਮਤ ਦੀ ਵਰਤੋਂ ਲੋਕਤੰਤਰੀ ਤੇ ਸੰਵਿਧਾਨਕ ਪ੍ਰਬੰਧਾਂ ਨੂੰ ਆਪਣੇ ਤਰੀਕੇ ਨਾਲ ਲਾਗੂ ਕਰਵਾਉਣ ਵਾਸਤੇ ਕਰ ਰਹੀ ਹੈ। ਇਹ ਸੰਵਿਧਾਨਕ ਵਿਵਸਥਾ ਦੀ ਦੁਰਵਰਤੋਂ ਹੈ, ਜੋ ਅੱਜਤੋਂ ਪਹਿਲਾਂ ਕਿਸੇ ਪਾਰਟੀ ਨੇ ਕਦੇ ਨਹੀਂ ਕੀਤੀ ਅਤੇ ਨਰਿੰਦਰ ਮੋਦੀ ਸਰਕਾਰ ਨੇ ਅਜਿਹਾ ਕਰ ਕੇ ਦੇਸ਼ ਦੀਆਂ ਸੰਵਿਧਾਨਕ ਤੇ ਜਮਹੂਰੀ ਕਦਰਾਂ-ਕੀਮਤਾਂ ਦਾ ਮਜ਼ਾਕ ਬਣਾਇਆ ਹੈ।ਕੈਪਟਨ ਅਮਰਿੰਦਰ ਸਿੰਘ ਨੇ ਇਸ ਮੌਕੇ ਕਸ਼ਮੀਰੀ ਆਗੂਆਂ ਨੂੰ ਨਜ਼ਰਬੰਦ ਕਰਨ ਦੀ ਕੇਂਦਰ ਸਰਕਾਰ ਦੀ ਕਾਰਵਾਈ ਦੀ ਨਿੰਦਾ ਕੀਤੀ ਤੇ ਕਿਹਾ ਕਿ ਲੋਕਾਂ ਦੀ ਆਵਾਜ਼ ਪੂਰੀ ਤਰ੍ਹਾਂ ਦੱਬ ਦਿੱਤੀ ਗਈ ਹੈ, ਇਹ ਫੈਸਲਾ ਭਵਿੱਖ ਲਈ ਅਜਿਹੀ ਗਲਤ ਮਿਸਾਲ ਬਣੇਗਾ, ਜਿਸ ਨਾਲ ਕੇਂਦਰ ਸਰਕਾਰ ਦੇਸ਼ਦੇ ਕਿਸੇ ਵੀ ਸੂਬੇ ਵਿੱਚ ਸਿਰਫ਼ ਰਾਸ਼ਟਰਪਤੀ ਸ਼ਾਸਨ ਲਾ ਕੇ ਪੁਨਰ ਗਠਨ ਕਰ ਦਿੱਤਾ ਕਰੇਗੀ।

ਇਹੀ ਨਹੀਂ, ਕੈਪਟਨ ਅਮਰਿੰਦਰ ਸਿੰਘ ਨੇ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਨੇ ਇਕਤਰਫਾ ਫੈਸਲਾ ਕੀਤਾ ਹੈ ਤੇ ਕਿਸੇ ਵੀ ਹੋਰ ਰਾਜਨੀਤਕ ਪਾਰਟੀ ਨਾਲ ਕੋਈ ਚਰਚਾ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਕੌਮੀ ਸੁਰੱਖਿਆ ਤੇ ਚਿੰਤਾ ਵਾਲੇ ਇਸ ਮਹੱਤਵਪੂਰਨ ਮੁੱਦੇ ਉੱਤੇ ਆਮ ਸਹਿਮਤੀ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਸਰਕਾਰ ਨੂੰ ਕਸ਼ਮੀਰ ਮੁੱਦੇ ਦੀ ਸੰਵਦੇਨਸ਼ੀਲਤਾ ਦੇਖਦੇ ਹੋਏ ਕੋਈ ਫੈਸਲਾ ਲੈਣ ਤੋਂ ਪਹਿਲਾਂ ਲੋਕਤੰਤਰੀ ਤੇ ਕਾਨੂੰਨੀ ਨਿਯਮਾਂ ਦੀ ਢੁੱਕਵੀਂ ਪ੍ਰਕਿਰਿਆ ਨੂੰ ਅਪਣਾਉਣਾ ਚਾਹੀਦਾ ਸੀ, ਜੋ ਕਿ ਅਪਣਾਇਆ ਹੀ ਨਹੀਂ ਗਿਆ।

ਜੰਮੂ-ਕਸ਼ਮੀਰ ਵਿੱਚ ਧਾਰਾ 370 ਖ਼ਤਮ ਕੀਤੇ ਜਾਣ ਪਿੱਛੋਂ ਆਪਣੇ ਰਾਜ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਦੀ ਘੋਖ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੁਲਿਸ ਅਧਿਕਾਰੀਆਂ ਨਾਲ ਅੱਜ ਬੈਠਕ ਵੀ ਕੀਤੀ ਤੇ ਇਸ ਦੌਰਾਨ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਹਾਲ ਰੱਖਣ ਲਈ ਹਰ ਤਰ੍ਹਾਂ ਦੇ ਵਿਰੋਧ-ਪ੍ਰਦਰਸ਼ਨ ਤੇ ਇਸ ਫੈਸਲੇ ਦੇ ਪੱਖ ਵਿੱਚ ਕੋਈ ਵੀ ਸਮਾਗਮ ਕਰਨ ਉੱਤੇ ਰੋਕ ਲਾ ਦਿੱਤੀ ਹੈ। ਉਨ੍ਹਾਂ ਸਰਹੱਦ ਉੱਤੇ ਤਣਾਅ ਵਧਾਉਣ ਦੇ ਡਰ ਨੂੰ ਦੇਖਦੇ ਹੋਏ ਪਾਕਿਸਤਾਨ ਵੱਲੋਂਗੜਬੜ ਫੈਲਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਨਾਕਾਮ ਕਰਨ ਲਈ ਪੁਲਿਸ ਨੂੰ ਤਿਆਰ ਰਹਿਣ ਦੇ ਲਈ ਹੁਕਮਦਿੱਤੇ ਹਨ। ਉਨ੍ਹਾਂ ਨੂੰ ਸ਼ੱਕ ਹੈ ਕਿ ਪਾਕਿ-ਸਤਾਨ ਇਸ ਨੂੰ ਛੇਤੀ ਬਰਦਾਸ਼ਤ ਨਹੀਂਕਰ ਸਕਦਾ ਅਤੇ ਭਾਰਤ ਦੇ ਖ਼ਿਲਾਫ਼ ਉਹ ਕੋਈ ਗਲਤ ਕਦਮ ਵੀ ਚੁੱਕ ਸਕਦਾ ਹੈ।

# ਭਾਰਤੀ ਮੂਲ ਦੀ ਡਾਕਟਰ ਭਾਸ਼ਾ ਮੁਖਰਜੀ ਮਿਸ ਇੰਗਲੈਂਡ ਬਣੀ

ਲੰਡਨ, 5 ਅਗਸਤ (ਪੋਸਟ ਬਿਊਰੋ)- ਭਾਰਤੀ ਮੂਲ ਦੀ ਡਾਕਟਰ ਭਾਸ਼ਾ ਮੁਖਰਜੀ ਨੇ ਦਰਜਨਾਂ ਲੜਕੀਆਂ ਨੂੰ ਪਿੱਛੇ ਛੱਡਦੇ ਹੋਏ 'ਮਿਸ ਇੰਗਲੈਂਡ' ਦਾ ਤਾਜ ਹਾਸਲ ਕਰ ਲਿਆ।

ਡਰਬੀ ਦੀ ਵਸਨੀਕ 23 ਸਾਲਾ ਭਾਸ਼ਾ ਕੋਲ ਗ੍ਰੈਜੂਏਸ਼ਨ ਦੀਆਂ ਦੋ ਡਿਗਰੀਆਂ ਹਨ। ਇਸ ਜੀਨੀਅਸ ਸੁੰਦਰੀ ਦਾ ਆਈ ਕਿਊ 146 ਹੈ ਅਤੇ ਪੰਜ ਭਾਸ਼ਾਵਾਂ ਬੋਲ ਸਕਦੀ ਹੈ। ਮਿਸ ਇੰਗਲੈਂਡ ਮੁਕਾਬਲਾ ਖਤਮ ਹੁੰਦੇ ਸਾਰ ਉਹ ਬੋਸਟਨ ਦੇ ਹਸਪਤਾਲ 'ਚ ਜੂਨੀਅਰ ਡਾਕਟਰ ਵਜੋਂ ਨੌਕਰੀ ਸ਼ੁਰੂ ਕਰਨ ਵਾਲੀ ਹੈ ਅਤੇ ਅਗੋਂ ਲਈ ਉਹ ਮਿਸ ਵਰਲਡ ਮੁਕਾਬਲੇ 'ਚ ਇੰਗਲੈਂਡ ਦੀ ਪ੍ਰਤੀਨਿਧਤਾ ਕਰੇਗੀ। ਭਾਰਤ ਵਿੱਚ ਜਨਮੀ ਭਾਸ਼ਾ ਨੌਂ ਸਾਲ ਦੀ ਉਮਰ 'ਚ ਆਪਣੇ ਮਾਪਿਆਂ ਨਾਲ ਇੰਗਲੈਂਡ ਪਹੁੰਚ ਗਈ ਸੀ। ਨਾਟਿੰਘਮ ਯੂਨੀਵਰਸਿਟੀ ਤੋਂ ਮੈਡੀਕਲ ਸਾਇੰਸ ਦੇ ਨਾਲ ਉਨ੍ਹਾਂ ਮੈਡੀਸਨ ਤੇ ਸਰਜਰੀ 'ਚ ਵੀ ਡਿਗਰੀ ਕੀਤੀ ਹੈ। ਮਿਸ ਇੰਗਲੈਂਡ ਦੇ ਆਖਰੀ ਪੜਾਅ ਤੋਂ ਪਹਿਲਾਂ ਇਕ ਇੰਟਰਵਿਊ ਵਿੱਚ ਉਨ੍ਹਾਂ ਕਿਹਾ ਸੀ, 'ਕਈ ਲੋਕ ਸੋਚਦੇ ਹਨ ਕਿ ਸੁੰਦਰਤਾ ਮੁਕਾਬਲੇ ਜਿੱਤਣ ਵਾਲੀਆਂ ਕੁੜੀਆਂ ਬੁੱਧੂ ਹੁੰਦੀਆਂ ਹਨ, ਪਰ ਅਸੀਂ ਸਭ ਕਿਸੇ ਨਾ ਕਿਸੇ ਮਕਸਦ ਨਾਲ ਇਥੇ ਹਾਂ। ਮੈਡੀਕਲ ਦੀ ਪੜ੍ਹਾਈ ਦਰਮਿਆਨ ਮੈਂ ਏਦਾਂ ਦੇ ਮੁਕਾਬਲੇ 'ਚ ਹਿੱਸਾ ਲੈਣ ਬਾਰੇ ਸੋਚਿਆ ਸੀ। ਇਸ ਲਈ ਮੈਨੂੰ ਖੁਦ ਨੂੰ ਬਹੁਤ ਸਮਝਾਉਣਾ ਵੀ ਪਿਆ।' ਸਕੂਲ ਦੇ ਦਿਨਾਂ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਿੱਖਣ ਲਈ ਹਮੇਸ਼ਾ ਉਤਸ਼ਾਹਿਤ ਰਹਿੰਦੀ ਸੀ, ਇਸੇ ਲਈ ਆਪਣੇ ਅਧਿਆਪਕਾਂ ਦੀ ਚਹੇਤੀ ਸੀ। ਕਲਾਸ ਵਿੱਚ ਸਭ ਤੋਂ ਹੁਸ਼ਿਆਰ ਹੋਣ ਲਈ ਉਨ੍ਹਾਂ ਨੂੰ ਆਈਨਸਟੀਨ ਐਵਾਰਡ ਵੀ ਮਿਲਿਆ ਸੀ। ਉਹ ਇਕ ਸਮਾਜਕ ਸੰਸਥਾ ਵੀ ਚਲਾਉਂਦੀ ਹੈ। 2017 'ਚ ਉਨ੍ਹਾਂ ਨੇ ਜੈਨਰੇਸ਼ਨ ਬ੍ਰਿਜ ਪ੍ਰਾਜੈਕਟ 'ਤੇ ਕੰਮ ਸ਼ੁਰੂ ਕੀਤਾ ਜੋ ਇਕੱਲੇਪਨ ਨਾਲ ਜੂਝ ਰਹੇ ਬਜ਼ੁਰਗਾਂ ਦੀ ਮਦਦ ਕਰਦਾ ਹੈ।

## ਮਾਊਂਟੇਨੈਸ ਸੀਨੀਅਰਜ਼ ਕਲੱਬ ਬਰੈਂਪਟਨ ਵੱਲੋਂ 550ਵਾਂ ਪ੍ਰਕਾਸ਼ ਪੁਰਬ ਤੇ ਕੈਨੇਡਾ ਦਿਵਸ ਦਾ ਆਯੋਜਨ 17 ਨੂੰ

ਆਉਣ ਵਾਲੀ 17 ਅਗਸਤ ਨੂੰ ਮਾਊਂਟੇਨੈਸ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ, ਕੈਨੇਡਾ ਡੇ ਅਤੇ ਭਾਰਤ ਦਾ ਆਜ਼ਾਦੀ ਦਿਵਸ ਘਰਏ Whale Park near 280, Mountain Ash Public School on Mountain Ash Road, Brampton, Ontario L6R 3G2 ਵਿਖੇ ਦੁਪਹਿਰ 3 ਵਜੇ ਤੋਂ ਸ਼ਾਮ ਵਜੇ ਤੱਕ ਮਨਾਇਆ ਜਾ ਰਿਹਾ ਹੈ। ਸਭ ਨੂੰ ਪਰਿਵਾਰਾਂ ਸਮੇਤ ਇਸ ਪ੍ਰੋਗਰਾਮ ਵਿਚ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਇਹ ਜਾਣਕਾਰੀ ਕਲੱਬ ਦੀ ਲੇਡੀਜ਼ ਵਿੰਗ ਦੀ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਚਰਨਜੀਤ ਕੌਰ ਢਿੱਲੋਂ ਵਲੋਂ ਦਿੱਤੀ ਗਈ ਹੈ।

# ਯੂ ਐੱਨ ਓ ਵੱਲੋਂ ਭਾਰਤ ਅਤੇ ਪਾਕਿਸਤਾਨ ਨੂੰ ਠਰ੍ਹੰਮਾ ਵਰਤਣ ਦੀ ਅਪੀਲ

ਯੂ ਐੱਨ ਓ, 5 ਅਗਸਤ, (ਪੋਸਟ ਬਿਊਰੋ)- ਯੂ ਐੱਨ ਓ ਦੇ ਸੈਕਟਰੀ ਜਨਰਲ ਐਂਟੋਨੀਓ ਗੁਤਰਸ ਨੇ ਅੱਜ ਭਾਰਤ ਅਤੇ ਪਾਕਿਸਤਾਨ ਦੋਵਾਂ ਗਵਾਂਢੀ ਦੇਸ਼ਾਂ ਨੂੰ ਵੱਧ ਤੋਂ ਵੱਧ ਠਰ੍ਹੰਮਾ ਵਰਤਣ ਦੀ ਬੇਨਤੀ ਕੀਤੀ ਤੇ ਇਸ ਦੇ ਨਾਲ ਹੀ ਕਿਹਾ ਹੈ ਕਿ ਦੋਵਾਂ ਪਾਸਿਆਂ ਤੋਂ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਸਥਿਤੀ ਹੋਰ ਜ਼ਿਆਦਾ ਨਾ ਵਿਗੜੇ। ਦੋਵਾਂ ਦੇਸ਼ਾਂ ਦੀ ਸਰਹੱਦ ਉੱਤੇ ਇਕਦਮ ਵਧੇ ਤਣਾਅ ਦੇ ਮੱਦੇਨਜ਼ਰ ਯੂ ਐੱਨ ਜਨਰਲ ਸੈਕਟਰੀ ਗੁਤਰਸ ਨੇ ਇਹ ਬੇਨਤੀ ਕੀਤੀ ਹੈ।



ਇਸ ਸੰਬੰਧ ਵਿੱਚ ਯੂ ਐੱਨ ਸੈਕਟਰੀ ਜਨਰਲ ਦੇ ਬੁਲਾਰੇ ਸਟੀਫਨ ਡੁਜਾਰਿਕ ਨੇ ਸੈਕਟਰੀ ਜਨਰਲ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਕਿਹਾ ਹੈ ਕਿ ਯੂ ਐੱਨ ਓ ਦੇ ਫ਼ੌਜੀ ਨਿਗਰਾਨ ਗਰੁੱਪ ਨੇ ਦੱਸਿਆ ਹੈ ਕਿ ਬੀਤੇ ਦਿਨਾਂ ਵਿੱਚ ਕੰਟਰੋਲ ਲਾਈਨ ਉੱਤੇ ਦੋਵਾਂ ਦੇਸ਼ਾਂ ਦੀਆਂ ਸਰਗਰਮੀਆਂ ਵਧੀਆਂ ਹਨ। ਇਸਦਾ ਕਾਰਨ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਵਧਣਾ ਹੈ। ਇਸ ਸਥਿਤੀ ਵਿੱਚ ਦੋਵਾਂ ਦੇਸ਼ਾਂ ਨੂੰ ਟਕਰਾਅ ਤੋਂ ਬਚਣ ਲਈ ਵੱਧ ਤੋਂ ਵੱਧ ਠਰ੍ਹੰਮਾ ਵਰਤਣ ਦੀ ਲੋੜ ਹੈ, ਅਜਿਹਾ ਕੋਈ ਕੰਮ ਨਾ ਕੀਤਾ ਜਾਵੇ, ਜਿਸ ਨਾਲ ਸਥਿਤੀ ਹੋਰ ਵਿਗੜੇ। ਯੂ ਐੱਨ ਨਿਗਰਾਨ ਗਰੁੱਪ ਨੇ ਜੰਮੂ-ਕਸ਼ਮੀਰ ਵਿਚਲੀ ਕੰਟਰੋਲ ਲਾਈਨ ਉੱਤੇ ਜੰਗਬੰਦੀ ਦੇ ਉਲੰਘਣਦੀਆਂ ਘਟਨਾਵਾਂ ਬਾਰੇ ਆਪਣੀ ਰਿਪੋਰਟ ਵੀ ਸੈਕਟਰੀ ਜਨਰਲ ਨੂੰ ਦਿੱਤੀ ਹੈ। ਇਹ ਨਿਗਰਾਨ ਗਰੁੱਪ ਜਨਵਰੀ 1949 ਵਿੱਚ ਬਣਾਇਆ ਗਿਆ ਸੀ ਅਤੇ ਉਦੋਂ ਤੋਂ ਕੰਟਰੋਲ ਲਾਈਨ ਉੱਤੇ ਦੋਵਾਂ ਦੇਸ਼ਾਂ ਦੀਆਂ ਫ਼ੌਜੀ ਸਰਗਰਮੀਆਂ ਉੱਤੇ ਨਜ਼ਰ ਰੱਖਦਾ ਹੈ। ਭਾਰਤ ਨੇ 1972 ਵਿੱਚਕੀਤੇ ਗਏ ਸ਼ਿਮਲਾ ਸਮਝੌਤੇ ਪਿੱਛੋਂ ਇਸ ਨਿਗਰਾਨ ਗਰੁੱਪ ਦੀ ਨਿਗਰਾਨੀ ਨੂੰ ਗ਼ੈਰ ਜ਼ਰੂਰੀ ਦੱਸ ਕੇਆਖਿਆ ਸੀ ਕਿ ਸਮਝੌਤੇ ਪਿੱਛੋਂ ਦੋਵਾਂ ਦੇਸ਼ਾਂ ਵਿਚਾਲੇ ਜੰਮੂ-ਕਸ਼ਮੀਰ ਬਾਰੇ ਵੀ ਸਮਝ ਬਣ ਗਈ ਹੈ ਤੇ ਅੱਗੇ ਤੋਂ ਸ਼ਿਮਲਾ ਸਮਝੌਤੇ ਦੇ ਘੇਰੇ ਵਿੱਚ ਦੋਵੇਂ ਦੇਸ਼ ਗੱਲ ਕਰਨਗੇ। ਸ਼ਿਮਲਾ ਸਮਝੌਤਾ ਬੰਗਲਾ ਦੇਸ਼ ਦੀ ਜੰਗ ਦੇ ਬਾਅਦਉਸ ਵਕਤ ਦੀ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਉਸ ਵਕਤ ਦੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲਫੀਕਾਰ ਅਲੀ ਭੁੱਟੋ ਦੇ ਦਰਮਿਆਨ ਹੋਇਆ ਸੀ।




# ਪੰਜਾਬ ਅਸੈਂਬਲੀ ਵਿੱਚ ਅਕਾਲੀ ਦਲ ਦਾ ਕੰਮ ਰੋਕੂ ਮਤਾ ਸਪੀਕਰ ਵੱਲੋਂ ਨਾਮਨਜ਼ੂਰ

## * ਵਿਰੋਧੀ ਧਿਰ ਵੱਲੋਂ ਵਿਧਾਨ ਸਭਾ ਵਿੱਚੋਂ ਵਾਕਆਊਟ



ਚੰਡੀਗੜ੍ਹ, 5 ਅਗਸਤ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੀ ਦੂਜੇ ਦਿਨ ਦੀ ਕਾਰਵਾਈ ਸ਼ੁਰੂ ਹੁੰਦੇ ਸਾਰ ਅਕਾਲੀ ਵਿਧਾਇਕਾਂ ਨੇਅੱਜ ਸੋਮਵਾਰ ਨੂੰ ਕੰਮ ਰੋਕੂ ਮਤਾ ਪੇਸ਼ ਕਰਨ ਦਾ ਨੋਟਿਸ ਦਿੱਤਾ ਸੀ, ਪਰ ਸਪੀਕਰ ਨੇ ਇਸ ਨੂੰ ਪ੍ਰਵਾਨਨਹੀਂਕੀਤਾ। ਇਸ ਪਿੱਛੋਂ ਅਕਾਲੀ ਵਿਧਾਇਕ ਨਾਅਰੇ ਮਾਰਦੇ ਹੋਏ ਵੈੱਲ ਵਿੱਚ ਆ ਗਏ।

ਅਕਾਲੀ ਦਲ ਦਾ ਕਹਿਣਾ ਹੈ ਉਸ ਨੇ ਸਪੀਕਰ ਦੇ ਦਫ਼ਤਰ ਵਿੱਚ 8.05 ਵਜੇ ਮਤਾ ਰਿਸੀਵ ਕਰਵਾ ਦਿੱਤਾ ਸੀ। ਸਪੀਕਰ ਨੇ ਕਿਹਾ ਕਿ ਨਿਯਮ ਅਨੁਸਾਰ ਸੈਸ਼ਨ ਦੀ ਬੈਠਕ ਸ਼ੁਰੂ ਹੋਣ ਤੋਂ ਦੋ ਘੰਟੇ ਪਹਿਲਾਂ ਮਤਾ ਦੇਣਾ ਹੁੰਦਾ ਹੈ, ਅੱਜ ਦੀ ਬੈਠਕ 11 ਵਜੇ ਤੋਂ ਸ਼ੁਰੂ ਹੋਣੀ ਸੀ। ਉਸ ਹਿਸਾਬ ਨਾਲ ਮਿਥੇ ਸਮੇਂ ਮੁਤਾਬਕ ਪੇਸ਼ ਨਹੀਂ ਕੀਤਾ ਗਿਆ, ਪਰ ਅਕਾਲੀ ਦਲ ਦਾ ਕਹਿਣਾ ਸੀ ਕਿ ਮਿੱਥੇ ਸਮੇਂ ਤੱਕ ਰਿਸੀਵ ਕਰਵਾ ਦਿੱਤਾ ਗਿਆ ਸੀ।

ਅਕਾਲੀ ਦਲ ਦੇ ਵਿਧਾਇਕਾਂ ਦੇ ਇਸ ਹੰਗਾਮੇ ਦੌਰਾਨ ਆਮ ਆਦਮੀ ਪਾਰਟੀ ਦੇ ਇੱਕਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਅਕਾਲੀ ਦਲ ਉੱਤੇ ਹਮਲਾ ਸ਼ੁਰੂ ਕਰ ਦਿੱਤਾ। ਇਸ ਨਾਲ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਦੇ ਵਿਧਾਇਕ ਆਪੋ ਵਿੱਚਭਿੜ ਪਏ। ਆਮ ਆਦਮੀ ਪਾਰਟੀ ਦੇ ਵਿਧਾਇਕ ਜਦੋਂ ਵੈੱਲਨੂੰ ਵਧੇ ਤਾਂਦੋ ਜਣੇ ਕੰਵਰ ਸੰਧੂ ਅਤੇ ਪਿਰਮਲ ਸਿੰਘ ਸਦਨ ਤੋਂ ਬਾਹਰ ਚਲੇ ਗਏ। ਇਸ ਪਿੱਛੋਂ ਆਮ ਆਦਮੀ ਪਾਰਟੀ ਨੇ ਸਦਨ ਤੋਂ ਵਾਕਆਊਟ ਕਰ ਦਿੱਤਾ।

ਇਸ ਦੇ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਸੋਧ ਬਿੱਲ 2019 ਪੇਸ਼ ਕੀਤਾ, ਜਿਸ ਨੂੰ ਓਥੇ ਵਿਰੋਧੀ ਧਿਰ ਦੇ ਨਾ ਹੋਣ ਕਾਰਨ ਬਿਨਾਂ ਬਹਿਸਦੇ ਹੀ ਪਾਸ ਕਰ ਦਿੱਤਾ ਗਿਆ। ਸਦਨ ਵਿੱਚ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਨੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਖੇਡ ਯੂਨੀਵਰਸਿਟੀ ਦਾ ਬਿੱਲ ਵੀਪੇਸ਼ ਕੀਤਾ ਅਤੇ ਇਸ ਅਹਿਮ ਬਿੱਲ ਨੂੰ ਵੀ ਓਸੇ ਤਰ੍ਹਾਂ ਬਿਨਾਂ ਬਹਿਸ ਦੇ ਪਾਸ ਕਰ ਦਿੱਤਾ ਗਿਆ।

ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ ਨੇ ਮਹਿੰਗੀ ਬਿਜਲੀ ਅਤੇ ਅਕਾਲੀ ਦਲ ਨੇ ਨਸ਼ੇ ਦੇ ਵਹਿਣ ਤੇ ਬੇਅਦਬੀ ਦੇ ਮੁੱਦੇ ਉੱਤੇ ਸਰਕਾਰ ਦੀ ਘੇਰਾਬੰਦੀ ਕਰਨ ਦੀ ਰਣਨੀਤੀ ਬਣਾਈ ਹੋਈ ਹੈ। ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ ਹਰ ਸੈਸ਼ਨ ਵਾਂਗ ਇਸ ਵਾਰ ਵੀ ਘਟ ਰਹੀ ਹੈ। ਸੁਖਬੀਰ ਸਿੰਘ ਬਾਦਲ ਦੇ ਲੋਕ ਸਭਾ ਮੈਂਬਰ ਬਣ ਜਾਣਤੋਂ ਬਾਅਦ ਅਕਾਲੀ ਦਲ ਦੀ ਅਗਵਾਈ ਪਰਮਿੰਦਰ ਸਿੰਘ ਢੀਂਡਸਾ ਦੇ ਹੱਥਾਂ ਵਿੱਚ ਹੈ ਤੇ ਇਹ ਵੇਖਿਆ ਜਾਣਾ ਹੈ ਕਿ ਉਹ ਦੋ ਤਿਹਾਈ ਬਹੁਮਤ ਵਾਲੀ ਕਾਂਗਰਸ ਪਾਰਟੀ ਸਾਹਮਣੇ ਕਿੰਨੀ ਮਜ਼ਬੂਤੀ ਨਾਲ ਖੜ੍ਹੇ ਹੁੰਦੇ ਹਨ।ਵਿਧਾਨ ਸਭਾ ਵਿੱਚ ਕੁੱਲ117 ਵਿਧਾਇਕਾਂ ਵਿੱਚੋਂ 78 ਕਾਂਗਰਸ ਦੇ ਹਨ।






# ਬਰੇਅਡਨ ਸੀਨੀਅਰ ਕਲੱਬ ਵੱਲੋਂ ਤੀਆਂ ਦਾ ਮੇਲਾ

ਬਰੈਂਪਟਨ-ਦਿਨ ਐਤਵਾਰ ਤਰੀਕ 11 ਅਗਸਤ 2019 ਨੂੰ ਟ੍ਰੀਲਾਈਨ ਪਾਰਕ ਵਿਖੇ ਬਰੇਅਡਨ ਸੀਨੀਅਰ ਕਲੱਬ ਦੀਆਂ ਮੈਂਬਰ ਬੀਬੀਆਂ ਵੱਲੋਂ ਤੀਆਂ ਦੇ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਸ਼ਾਮਲ ਹੋਣ ਲਈ ਹਰ ਉਮਰ ਦੀਆਂ ਬੀਬੀਆਂ ਨੂੰ ਖੁੱਲਾ ਸੱਦਾ ਦਿੱਤਾ ਜਾ ਰਹਿਾ ਹੈ। ਇਹ ਸਮਾਗਮ ਬੀਬੀਆਂ ਦੇ ਮਨੋਰੰਜਨ ਲਈ ਕੀਤਾ ਜਾ ਰਿਹਾ ਹੈ ਜਿਸ ਵਿੱਚ ਗੀਤ, ਗਿੱਧਾ ਅਤੇ ਬੋਲੀਆਂ ਆਦਿ ਨਾਲ ਸਭ ਦਾ ਮਨੋਰੰਜਨ ਕੀਤਾ ਜਾਵੇਗਾ। ਇਸ ਨਾਲ ਖਾਣ ਪੀਣ ਦਾ ਪ੍ਰਬੰਧ ਵੀ ਹੋਵੇਗਾ। ਦੁਪਹਿਰ 12.30 ਤੋਂ ਸ਼ਾਮ 6.30 ਤੱਕ ਚੱਲਣ ਵਾਲੇ ਇਸ ਮੇਲੇ ਵਿੱਚ ਸਭ ਬੀਬੀਆਂ ਨੂੰ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ। ਜਾਣਕਾਰੀ ਲਈ ਬਰੇਅਡਨ ਕਲੱਬ ਦੀਆਂ ਇਨ੍ਹਾਂ ਬੀਬੀਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ-ਤੇਜ ਕੌਰ ਸਿੱਧੂ (ਡਾਈਰੈਕਟਰ) 9052040073 ਹਰਬੰਸ ਕੌਰ ਪੱਡਾ (ਡਾਈਰੈਕਟਰ) 9057912860 ਸਵਰਨਜੀਤ ਕੌਰ ਸਿੱਧੂ 6477604009 ਧੰਨਵਾਦ।

# ਬੱਚਿਆਂ ਲਈ ਸਮਰ ਯੂਥ ਅਵੇਅਰਨੈੱਸ, ਬਾਸਕਟ ਬਾਲ ਅਤੇ ਸੌਕਰ ਕੈਂਪ ਲਾਇਆ

ਖਾਲਸਾ ਕਮਿਉਨਿਟੀ ਸਕੂਲ , ਬਰੈਂਪਟਨ ਵਿਖੇ 2 ਜੁਲਾਈ, 2019 ਤੋਂ 2 ਅਗਸਤ, 2019 ਤੱਕ ਸਮਰ ਯੂਥ ਅਵੇਅਰਨੈਸ ਅਤੇ ਸਪੋਰਟਸ ਕੈਂਪ ਲਗਾਇਆ ਗਿਆ। ਸਪੋਰਟਸ ਕੈਂਪ ਵਿੱਚ ਜਿੱਥੇ ਵਿਦਿਆਰਥੀਆਂ ਨੇ ਬਾਸਕਟ ਬਾਲ ਅਤੇ ਸੌਕਰ ਦੀ ਖੇਡ ਦੇ ਤਕਨੀਕੀ ਨਿਯਮਾਂ ਵਿੱਚ ਮੁਹਾਰਤ ਹਾਸਿਲ ਕੀਤੀ ਉੱਥੇ ਆਪਣੇ ਆਪ ਨੂੰ ਸਰੀਰਿਕ ਅਤੇ ਮਾਨਸਿਕ ਤੌਰ ਤੇ ਮਜਬੂਤ ਵੀ ਕੀਤਾ । ਯੂਥ ਅਵੇਅਰਨੈਸ ਦੌਰਾਨ ਇੰਗਲਿਸ਼, ਮੈਥੇਮੈਟਿਕਸ, ਆਰਟ ਅਤੇ ਕਰਾਫਟ, ਕੀਰਤਨ, ਗੁਰਮਤ, ਖੇਡਾਂ, ਆਰਚਰੀ ਆਦਿ ਦੇ ਪ੍ਰੋਗਰਾਮਾਂ ਤੋਂ ਇਲਾਵਾ ਬੱਚਿਆਂ ਨੂੰ ਹਰ ਹਫਤੇ ਵੱਖ-ਵੱਖ ਫੀਲਡ ਟਰਿੱਪਸ ਤੇ ਵੀ ਲਿਜਾਇਆ ਗਿਆ ਜਿਨ੍ਹਾਂ ਦਾ ਵਿਦਿਆਰਥੀਆਂ ਨੇ ਬਹੁਤ ਅਨੰਦ ਮਾਣਿਆ।

ਇਹਨਾਂ ਫੀਲਡ ਟਰਿੱਪਸ ਦੌਰਾਨ ਵਿਦਿਆਰਥੀ ਡਾਊਨੀਜ ਫਾਰਮ, ਅਫਰੀਕਨ ਲਾਇਨ ਸਫਾਰੀ, ਵੈੱਟ ਐਨ ਵਾਇਲਡ, ਲੈਗੋ ਲੈਂਡ, ਚਿੰਗਊਜ਼ੀ ਪਾਰਕ, ਕਰੈਡਿਟ ਵਿਊ ਪਾਰਕ ਅਤੇ ਯੌਰਕ ਡੁਰਮ ਹੈਰੀਟੇਜ ਰੇਲਵੇ ਵਿਖੇ ਗਏ। ਜਿਸ ਵਿੱਚ ਬੱਚਿਆਂ ਨੇ ਕੁਦਰਤੀ ਵਾਤਾਵਰਨ ਅਤੇ ਜੀਵ ਜੰਤੂਆਂ ਬਾਰੇ ਜਾਣਕਾਰੀ ਹਾਸਿਲ ਕੀਤੀ । ਖਾਲਸਾ ਕਮਿਉਨਿਟੀ ਸਕੂਲ , ਬਰੈਂਪਟਨ ਵਿੱਚ ਐਕਟਿਵੀਟੀ ਬੇਸਡ ਲਰਨਿੰਗ ਨੂੰ ਤਰਜੀਹ ਦਿੱਤੀ ਜਾਂਦੀ ਹੈ ਤਾਂ ਜੋ ਕਿ ਵਿਦਿਆਰਥੀ ਆਪਣੇ ਆਪ ਕੇ ਸਿੱਖਣ ਅਤੇ ਇਹ ਸਿੱਖਿਆ ਸਾਰੀ ਉਮਰ ਉਹਨਾਂ ਦੇ ਨਾਲ ਰਹੇ। ਸਰਬਪੱਖੀ ਵਿਕਾਸ ਕਰਾਉਣ ਵਾਲੇ ਖਾਲਸਾ ਕਮਿਉਨਿਟੀ ਸਕੂਲ , ਬਰੈਂਪਟਨ ਵਿੱਚ ਹਰ ਸਾਲ ਵਿੰਟਰ ਬਰੇਕ, ਮਾਰਚ ਬਰੇਕ ਅਤੇ ਸਮਰ ਬਰੇਕ ਵਿੱਚ ਕੈਂਪ ਲਗਾਏ ਜਾਂਦੇ ਹਨ ਅਤੇ ਦਾਖਲੇ ਸਭ ਵਿਦਿਆਰਥੀਆਂ ਲਈ ਖੁਲ੍ਹੇ ਰਹਿੰਦੇ ਹਨ ਅਤੇ ਤਾਂ ਜੋ ਕਿ ਹਰ ਕੋਈ ਇਸ ਦਾ ਲਾਭ ਲੈ ਸਕੇ।






# ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਚੱਢਾ ਉੱਤੇ 60 ਕਰੋੜ ਦੇ ਘਪਲੇ ਦਾ ਦੋਸ਼ ਲੱਗਾ

ਅੰਮ੍ਰਿਤਸਰ, 5 ਅਗਸਤ (ਪੋਸਟ ਬਿਊਰੋ)- ਚੀਫ ਖਾਲਸਾ ਦੀਵਾਨ ਦੇ ਇਸ ਵੇਲੇ ਦੇ ਪ੍ਰਧਾਨ ਨਿਰਮਲ ਸਿੰਘ ਠੇਕੇਦਾਰ ਨੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਉੱਤੇ 60 ਕਰੋੜ ਦੇ ਘਪਲੇ ਦਾ ਦੋਸ਼ ਲਾਇਆ ਤੇ ਉਸ ਦੇ ਖਿਲਾਫ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਕਾਰਵਾਈ ਦੀ ਮੰਗ ਕੀਤੀ ਹੈ।

ਨਿਰਮਲ ਸਿੰਘ ਠੇਕੇਦਾਰ ਨੇ ਲਿਖਿਆ ਕਿ ਪਿਛਲੇ ਸਮੇਂ 'ਚ ਚਰਨਜੀਤ ਸਿੰਘ ਚੱਢਾ ਸਾਬਕਾ ਪ੍ਰਧਾਨ ਚੀਫ ਖਾਲਸਾ ਦੀਵਾਨ ਦੀ ਇਤਰਾਜ਼ ਯੋਗ ਵੀਡੀਓ ਵਾਇਰਲ ਹੋਣ ਉੱਤੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ ਤਾਂ ਇਸ ਪਿੱਛੋਂ ਚੀਫ ਖਾਲਸਾ ਦੀਵਾਨ ਨੇ ਚੱਢਾ ਦੀ ਮੁੱਢਲੀ ਮੈਂਬਰਸ਼ਿਪ ਵੀ ਖਾਰਜ ਕਰ ਦਿੱਤੀ ਸੀ। ਚੀਫ ਖਾਲਸਾ ਦੀਵਾਨ ਦੀਆਂ ਚੋਣਾਂ ਪਿੱਛੋਂ ਮੈਂਬਰਾਂ ਨੇ ਉਨ੍ਹਾਂ (ਨਿਰਮਲ ਸਿੰਘ ਠੇਕੇਦਾਰ) ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਇਸ ਦੌਰਾਨ ਚੀਫ ਖਾਲਸਾ ਦੀਵਾਨ ਦੇ ਧਿਆਨ ਵਿੱਚ ਆਇਆ ਕਿ ਸਾਬਕਾ ਪ੍ਰਧਾਨ ਚੀਫ ਖਾਲਸਾ ਦੀਵਾਨ ਚਰਨਜੀਤ ਸਿੰਘ ਚੱਢਾ ਨੇ ਆਪਣੇ ਕਾਰਜ ਕਾਲ ਸਮੇਂ ਵੱਡਾ ਘਪਲਾ ਕੀਤਾ ਸੀ ਅਤੇ ਲਗਭਗ 60 ਕਰੋੜ ਰੁਪਏ ਦਾ ਸਿਰਫ ਕਿਤਾਬਾਂ ਵਿੱਚ ਘਪਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਘਪਲਾ ਕਰਕੇ ਸਾਬਕਾ ਪ੍ਰਧਾਨ ਨੇ ਵੱਡੇ ਪੱਧਰ ਉੱਤੇ ਸਿੱਖ ਪਰਵਾਰਾਂ ਨਾਲ ਧੋਖਾ ਕੀਤਾ ਹੋਇਆ ਹੈ ਅਤੇ ਚੀਫ ਖਾਲਸਾ ਦੀਵਾਨ ਨੇ ਫੈਸਲਾ ਕੀਤਾ ਹੈ ਕਿ ਇਹ ਕੇਸ ਅਕਾਲ ਤਖਤ ਦੇ ਪੇਸ਼ ਕੀਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਗੁਰ-ਮਰਿਆਦਾ ਅਨੁਸਾਰ ਚੀਫ ਖਾਲਸਾ ਦੀਵਾਨ ਅਤੇ ਸਿੱਖਾਂ ਪਰਵਾਰਾਂ ਨਾਲ ਵੱਡਾ ਘਪਲਾ ਕਰਨ ਵਾਲੇ ਚਰਨਜੀਤ ਸਿੰਘ ਚੱਢਾ ਨੂੰ ਤਨਖਾਹੀਆ ਲਾਉਣ ਦੇ ਨਾਲ ਸਿੱਖਾਂ ਦੀ ਕਿਸੇ ਵੀ ਸੰਸਥਾ ਵਿੱਚ ਮੈਂਬਰ ਬਣਨ 'ਤੇ ਪਾਬੰਦੀ ਲਾਈ ਜਾਵੇ। ਇਸ ਸ਼ਿਕਾਇਤ ਦੇ ਨਾਲ ਕਿਤਾਬਾਂ ਦੇ ਰੇਟਾਂ ਦਾ ਵੇਰਵਾ ਵੀ ਤਿਆਰ ਕਰਕੇ ਭੇਜਿਆ ਗਿਆ ਹੈ। ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਠੇਕੇਦਾਰ ਨੇ ਇਹ ਪੱਤਰ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਅਕਾਲ ਤਖਤ ਤੋਂ ਇਲਾਵਾ ਜਥੇਦਾਰ ਤਖਤ ਕੇਸਗੜ੍ਹ ਸਾਹਿਬ, ਜਥੇਦਾਰ ਸਾਹਿਬ ਤਖਤ ਦਮਦਮਾ ਸਾਹਿਬ, ਜਥੇਦਾਰ ਤਖਤ ਸ੍ਰੀ ਪਟਨਾ ਸਾਹਿਬ, ਜਥੇਦਾਰ ਤਖਤ ਸ੍ਰੀ ਹਜ਼ੂਰ ਸਾਹਿਬ ਨੂੰ ਵੀ ਭੇਜਿਆ ਅਤੇ ਕਾਰਵਾਈ ਦੀ ਮੰਗ ਕੀਤੀ ਹੈ।



ਮਾਊਂਟ ਰਾਇਲ ਸੀਨੀਅਰਜ਼ ਕਲੱਬ ਦੀਆਂ ਬੀਬੀਆਂ ਵੱਲੋਂ ਪਿਛਲੀ ਰਵਾਇਤ ਨੂੰ ਕਾਇਮ ਰੱਖਦਿਆਂ ਤੀਆਂ ਦਾ ਤਿਉਹਾਰ ਮਨਾਇਆ ਗਿਆ। 30 ਜੁਲਾਈ ਨੂੰ ਲਿਲੀ ਰਾਬਰਟਸ ਪਾਰਕ ਦੇ ਖੁੱਲ੍ਹੇ ਡੁੱਲ੍ਹੇ ਮਾਹੌਲ 'ਚ ਇਹ ਪ੍ਰੋਗਰਾਮ ਕਰਾਏ ਗਏ। ਸਮੂਹ ਮੈਂਬਰ ਬੀਬੀਆਂ ਨੇ ਗੀਤਾਂ ਤੇ ਗਿੱਧੇ ' ਹਿੱਸਾ ਲਿਆ। ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ।

# ਪਾਕਿਸਤਾਨ ਵਿੱਚ ਗੁਰਦੁਆਰਾ ਚੋਆ ਸਾਹਿਬ ਦੇ ਦਰਵਾਜ਼ੇ ਖੋਲ੍ਹੇ

ਲਾਹੌਰ, 5 ਅਗਸਤ (ਪੋਸਟ ਬਿਊਰੋ)- ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰ-ਦੁਆਰਾ ਚੋਆ ਸਾਹਿਬ, ਜਿਹਲਮ ਕੱਲ੍ਹ 70 ਸਾਲਾਂ ਬਾਅਦ ਸੰਗਤ ਦੇ ਦਰਸ਼ਨਾਂ ਲਈ ਖੋਲ੍ਹ ਦਿੱਤਾ ਗਿਆ।

ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਕੀਤੇ ਸਮਾਗਮ ਦੀ ਪ੍ਰਧਾਨਗੀ ਇਵੈਕੁਈ ਪ੍ਰਾਪਰਟੀ ਟਰੱਸਟ ਬੋਰਡ (ਈ ਪੀ ਟੀ ਬੀ) ਦੇ ਪ੍ਰਧਾਨ ਆਮਰ ਅਹਿਮਦ ਨੇ ਕੀਤੀ। ਇਸ ਦੌਰਾਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਤੇ ਕਮੇਟੀ ਦੇ ਹੋਰ ਮੈਂਬਰਾਂ ਨੇ ਪਾਕਿਸਤਾਨ ਸਰਕਾਰ ਦੀ ਇਤਿਹਾ-ਸਕ ਪਹਿਲ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਪੂਰੀ ਦੁਨੀਆ ਦੇ ਸਿੱਖ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਰਿਣੀ ਹਨ ਕਿ ਉਨ੍ਹਾਂ ਨੇ ਸਿੱਖਾਂ ਲਈ ਬਹੁਤ ਕੁਝ ਕੀਤਾ ਹੈ। ਵਰਨਣ ਯੋਗ ਹੈ ਕਿ ਇਹ ਗੁਰਦੁ-ਆਰਾ ਰੋਹਤਾਸ ਕਿਲ੍ਹੇ ਦੀ ਉਤਰੀ ਬਾਹੀ ਦੇ ਤਲਾਕੀ ਦਰਵਾਜ਼ੇ ਦੇ ਨੇੜੇ ਹੈ, ਜਿਥੇ ਪਿਛਲੇ 70 ਸਾਲਾਂ ਤੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਸੀ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਇਕ ਉਦਾਸੀ ਦੌਰਾਨ ਭਾਈ ਮਰਦਾਨਾ ਨਾਲ ਇਥੇ ਆਏ ਤੇ ਨੇੜੇ ਪੈਂਦੇ ਟਿੱਲਾ ਜੋਗੀਆਂ ਵਿਖੇ 40 ਦਿਨ ਠਹਿਰੇ ਸਨ। ਇਕ ਦਿਨ ਭਾਈ ਮਰਦਾਨਾ ਨੂੰ ਪਿਆਸ ਲੱਗੀ, ਪਰ ਨੇੜੇ ਤੇੜੇ ਪਾਣੀ ਹੈ ਨਹੀਂ ਸੀ। ਉਨ੍ਹਾਂ ਦੀ ਹਾਲਤ ਦੇਖ ਕੇ ਗੁਰੂ ਜੀ ਨੇ ਸੋਟੀ ਨਾਲ ਇਸ ਅਸਥਾਨ ਉਤੇ ਇਕ ਪੱਥਰ ਹਟਾਇਆ ਅਤੇ ਉਥੋਂ ਪਾਣੀ ਦਾ ਚਸ਼ਮਾ ਪ੍ਰਗਟ ਹੋ ਗਿਆ ਦਿੱਤਾ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 1834 'ਚ ਬਣੀ ਸੀ ਤੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਵੇਲੇ ਸੰਗਤਾਂ ਨੂੰ ਸੌਂਪੀ ਸੀ।

# ਡਿਪਟੀ ਕਮਿਸ਼ਨਰ ਨੇ ਕੋਟਕਪੂਰਾ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ

ਫਰੀਦਕੋਟ/ਕੋਟਕਪੂਰਾ 5 ਅਗਸਤ (ਗਿਆਨ ਸਿੰਘ): ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰੁੱਖ ਲਗਾਉਣ ਦੀ ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਵਿਸ਼ੇਸ ਤੌਰ ਤੇ ਕੋਟਕਪੂਰਾ ਪਹੁੰਚੇ , ਜਿੱਥੇ ਉਨ੍ਹਾਂ ਨੇ ਸਿਵਲ ਹਸਪਤਾਲ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਲਈ ਅਧਿਕਾਰੀਆਂ ਨੂੰ ਮੌਕੇ ਤੇ ਆਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਸ਼ਹਿਰ ਦੇ ਜਿਹੜੇ-ਜਿਹੜੇ ਹਿੱਸਿਆ ਵਿੱਚ ਮੀਂਹ ਦਾ ਪਾਣੀ ਖੜ੍ਹਾ ਹੈ, ਉਸ ਦੀ ਤੁਰੰਤ ਨਿਕਾਸੀ ਕਰਵਾਈ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਨੇ ਸਿਵਲ ਹਸਪਤਾਲ ਵਿੱਚ ਮਰੀਜ਼ਾਂ ਦੀਆਂ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਵੀ ਕਿਹਾ । ਉਨ੍ਹਾਂ ਜੱਚਾ ਬੱਚਾ ਵਾਰਡ ਵਿੱਚ ਜਾ ਕੇ ਨਵਜੰਮੇ ਬੱਚਿਆਂ ਦੀਆਂ ਮਾਵਾਂ ਦਾ ਹਾਲ ਚਾਲ ਪੁੱਛਿਆ ਅਤੇ ਉਨ੍ਹਾਂ ਨੂੰ ਫਰੂਟ ਦੀ ਵੰਡ ਵੀ ਕੀਤੀ ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਦੇ ਆਦੇਸ਼ਾਂ ਅਨੁਸਾਰ ਉਹ ਜਿਲ੍ਹੇ ਦੇ ਹਰੇਕ ਨਾਗਰਿਕ ਨੂੰ ਸਰਕਾਰ ਵੱਲੋਂ ਬਣਦੀਆਂ ਸੁਵਿਧਾਵਾਂ ਦੇਣ ਲਈ ਵਚਨਬੱਧ ਹਨ ਅਤੇ ਜਿਲ੍ਹੇ ਦੇ ਲੋਕਾਂ ਦੀ ਹਰੇਕ ਮੁਸ਼ਕਿਲ ਪਹਿਲ ਦੇ ਆਧਾਰ 'ਤੇ ਹੱਲ ਕੀਤੀ ਜਾਵੇਗੀ।




KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਲੀਗਲ ਸਰਵਿਸ ਟੂ-ਸੀਨੀਅਰ ਸਿਟੀਜਨ ਯੋਜਨਾ ਤਹਿਤ ਸੈਮੀਨਾਰ ਕਰਵਾਇਆ

ਫਰੀਦਕੋਟ 5 ਅਗਸਤ (ਗਿਆਨ ਸਿੰਘ) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਰੀਦਕੋਟ ਹਰਪਾਲ ਸਿੰਘ, ਦੀ ਰਹਿਨੁਮਾਈ ਹੇਠ ਸ਼੍ਰੀਮਤੀ ਰਾਜਵੰਤ ਕੌਰ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਵੱਲੋਂ ਮਿਤੀ:1.08.2019 ਨੂੰ ਉਮੀਦ ਉਮੰਗ ਉਜਾਲਾ ਬਿਰਧ ਆਸ਼ਰਮ, ਫਰੀਦਕੋਟ ਵਿਖੇ ਲੀਗਲ ਸਰਵਿਸ ਟੂ-ਸੀਨੀਅਰ ਸਿਟੀਜਨ ਯੋਜਨਾ 2016 ਦੇ ਤਹਿਤ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬਜੁਰਗਾਂ ਨੂੰ ਉਹਨਾਂ ਦੇ ਹੱਕਾਂ ਅਤੇ ਉਹਨਾਂ ਨੂੰ ਮਿਲਣ ਵਾਲੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਮੌਜੂਦ ਬਜੁਰਗ ਬਲਦੇਵ ਸਿੰਘ ਵੱਲੋਂ ਬੇਨਤੀ ਕਰਨ ਤੇ ਉਨਾਂ ਵੱਲੋਂ ਚੱਲ ਰਹੀ ਅਪੀਲ ਬਾਰੇ ਉਹਨਾਂ ਨੂੰ ਜਾਣਕਾਰੀ ਦਿੱਤੀ । ਇਸ ਤੋਂ ਇਲਾਵਾ ਇਸ ਮੌਕੇ ਤੇ ਇੱਕ ਬਜੁਰਗ ਸ੍ਰੀ ਨਿਰੰਜਨ ਸਿੰਘ ਦੁਆਰਾ ਦਰਖਾਸਤ ਦਿੰਦਿਆਂ ਕਿਹਾ ਕਿ ਉਸਦੇ ਘਰ ਵਾਲੇ ਉਸ ਨੂੰ ਪਰੇਸ਼ਾਨ ਕਰ ਰਹੇ ਹਨ ਅਤੇ ਉਸ ਨਾਲ ਪੈਸਿਆਂ ਦੀ ਠੱਗੀ ਵੀ ਮਾਰ ਗਏ ਹਨ ਅਤੇ ਇਸ ਬਜੁਰਗ ਦੀ ਦਰਖਾਸਤ ਮਾਨਯੋਗ ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਅਗਲੇਰੀ ਕਾਰਵਾਈ ਲਈ ਭੇਜੀ ਗਈ।ਇਸ ਮੌਕੇ ਤੇ ਇੱਕ ਬਜੁਰਗ ਸ੍ਰੀਮਤੀ ਤੇਜ਼ ਕੌਰ ਨੇ ਦੱਸਿਆ ਕਿ ਉਸ ਦੀ ਬੁਢਾਪਾ ਪੈਨਸ਼ਨ ਲੱਗ ਚੁੱਕੀ ਹੈ, ਪਰ ਬੈਂਕ ਵਿੱਚ ਖਾਤਾ ਨਾਂ ਹੋਣ ਕਾਰਨ ਉਸ ਨੂੰ ਪੈਨਸ਼ਨ ਨਹੀ ਮਿਲ ਰਹੀ ਹੈ।ਮਾਨਯੋਗ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਰੀਦਕੋਟ ਨੇ ਇਸ ਪ੍ਰਾਰਥਨ ਨੂੰ ਭਰੋਸਾ ਦੁਆਉਂਦੇ ਹੋਏ ਕਿਹਾ ਕਿ ਉਹ ਸਬੰਧਤ ਬੈਂਕ ਨਾਲ ਗੱਲ ਕਰਕੇ ਜਲਦ ਤੋਂ ਜਲਦ ਉਸਦਾ ਖਾਤਾ ਖੁਲਵਾਉਣ ਦੀ ਕੋਸ਼ਿਸ਼ ਕਰਨਗੇ। ਇਹਨਾਂ ਪ੍ਰਾਰਥੀਆਂ ਦੀ ਦਰਖਾਸਤ ਸੁਣਦੇ ਹੋਏ ਅਗਲੇਰੀ ਕਾਰਵਾਈ ਦਾ ਭਰੋਸਾ ਦੁਆਇਆ। ਮਾਨਯੋਗ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਰੀਦਕੋਟ ਇਸ ਮੌਕੇ ਤੇ ਮੌਜੂਦ ਬਜੁਰਗਾਂ ਨੂੰ ਨਾਲਸਾ (ਸੀਨੀਅਰ ਸਿਟੀਜਨ ਲਈ ਕਾਨੂੰਨੀ ਸੇਵਾਵਾਂ ) ਯੋਜਨਾ 2016 ਦੀਆਂ ਪੰਜਾਬੀ ਵਿੱਚ ਪ੍ਰਕਾਸ਼ਿਤ ਕਿਤਾਬਾਂ ਵੀ ਦਿੱਤੀਆਂ।




ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7


# ਪਸੰਦੀਦਾ ਅਦਾਕਾਰਾ ਨੂੰ ਮਿਲਣ ਲਈ ਪ੍ਰਸ਼ੰਸਕ ਨੇ 60 ਲੱਖ ਲੁਟਾਏ

ਨਵੀਂ ਦਿੱਲੀ, 5 ਅਗਸਤ (ਪੋਸਟ ਬਿਊਰੋ)- ਇਕ ਪ੍ਰਸ਼ੰਸਕ ਵੱਲੋਂ ਆਪਣੀ ਪਸੰਦੀਦਾ ਅਦਾਕਾਰਾ ਨੂੰ ਮਿਲਣ ਲਈ ਜਨੂੰਨ ਦਾ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਥੇ ਪ੍ਰਸ਼ੰਸਕ ਨੇ ਅਦਾਕਾਰਾ ਨੂੰ ਮਿਲਣ ਲਈ 60 ਲੱਖ ਦਾ ਨੁਕਸਾਨ ਵੀ ਸਹਿਣ ਕੀਤਾ ਅਤੇ ਧੋਖਾਧੜੀ ਦਾ ਸ਼ਿਕਾਰ ਹੋਇਆ ਹੈ।

ਦੱਖਣੀ ਭਾਰਤ ਸਿਨੇਮਾ ਦੀ ਪ੍ਰਸਿੱਧ ਅਦਾਕਾਰਾ ਕਾਜਲ ਅਗਰਵਾਲ ਦੇ ਰਾਮਾਨਾਥਪੁਰਮ ਵਾਸੀ ਇਕ ਪ੍ਰਸ਼ੰਸਕ ਨਾਲ ਇਹ ਘਟਨਾ ਵਾਪਰੀ। ਇਹ ਪ੍ਰਸ਼ੰਸਕ ਆਪਣੀ ਪਸੰਦੀਦਾ ਅਦਾਕਾਰਾ ਨਾਲ ਮਿਲਣਾ ਚਾਹੁੰਦਾ ਸੀ। ਉਸ ਦੀ ਇਸ ਕਮਜ਼ੋਰੀ ਨੂੰ ਜਾਣ ਕੇ ਕਿਸੇ ਨੂੰ ਉਸ ਨੂੰ ਕਾਜਲ ਅਗਰਵਾਲ ਨੂੰ ਮਿਲਵਾਉਣ ਦਾ ਵਾਅਦਾ ਕਰਕੇ ਉਸ ਨਾਲ ਕਰੀਬ 60 ਲੱਖ ਦੀ ਧੋਖਾਧੜੀ ਕੀਤੀ। ਇਕ ਵੈਬਸਾਈਟ ਦੀ ਖਬਰ ਅਨੁਸਾਰ ਇਸ ਪ੍ਰਸ਼ੰਸਕ ਨੇ ਮੁਲਾਕਾਤ ਲਈ ਇੰਟਰਨੈਟ 'ਤੇ ਖੋਜ ਕੀਤੀ, ਜਿਥੇ ਇਕ ਵੈਬਸਾਈਟ 'ਤੇ ਕਾਜਲ ਅਗਰਵਾਲ ਨੂੰ ਮਿਲਾਉਣ ਦਾ ਵਾਅਦਾ ਕੀਤਾ ਗਿਆ ਸੀ। ਇਸ ਦਾਅਵੇ ਨਾਲ ਪ੍ਰਸ਼ੰਸਕ ਉਕਤ ਜਾਲਸਾਜ਼ਾਂ ਦੇ ਚੁੰਗਲ 'ਚ ਫਸ ਗਿਆ। ਵਰਨਣ ਯੋਗ ਹੈ ਕਿ ਇਹ ਵੈਬਸਾਈਟ ਕਿਸੇ ਗੈਂਗ ਵੱਲੋਂ ਚਲਾਈ ਜਾਂਦੀ ਹੈ, ਜਿਹੜਾ ਕਾਜਲ ਅਗਰਵਾਲ ਨਾਲ ਮਿਲਾਉਣ ਦੇ ਨਾਮ ਉੱਤੇ ਲੋਕਾਂ ਨਾਲ ਠੱਗੀ ਕਰਦੀ ਹੈ। ਪਹਿਲਾਂ ਇਸ ਗੈਂਗ ਨੇ ਪ੍ਰਸ਼ੰਸਕ ਤੋਂ 50 ਹਜ਼ਾਰ ਲਏ ਅਤੇ ਕਿਹਾ ਕਿ ਤੁਹਾਡੇ ਕਾਜਲ ਅਗਰਵਾਲ ਨੂੰ ਮਿਲਣ ਦੇ ਮੌਕੇ ਵਧ ਗਏ ਹਨ, ਇਸ ਮਗਰੋਂ ਫਿਰ ਕਈ ਵਾਰ 50-50 ਹਜ਼ਾਰ ਰੁਪਏ ਠੱਗੇ। ਜਦ ਪ੍ਰਸ਼ੰਸਕ ਨੂੰ ਠੱਗੀ ਦਾ ਸ਼ੱਕ ਹੋਇਆ ਤਾਂ ਉਸ ਨੇ ਇਸ ਦਾ ਵਿਰੋਧ ਕੀਤਾ। ਇਸ ਤੋਂ ਬਾਅਦ ਗੈਂਗ ਉਸ ਦੇ ਨਿੱਜੀ ਡਾਟਾ ਦੀਆਂ ਤਸਵੀਰਾਂ ਜਨਤਕ ਕਰਨ ਦੀ ਧਮਕੀ ਦੇਣ ਲੱਗ ਤੇ ਉਸ ਤੋਂ ਹੋਰ ਪੈਸੇ ਲੁੱਟ ਲਏ। ਫਿਰ ਇਸ ਪ੍ਰਸ਼ੰਸਕ ਨੇ ਪੁਲਸ ਕੋਲ ਪਹੁੰਚ ਕੇ ਸ਼ਿਕਾਇਤ ਦਰਜ ਕਰਾਈ ਹੈ ਕਿ ਇਸ ਗੈਂਗ ਨੇ ਉਸ ਤੋਂ ਤਿੰਨ ਕਿਸ਼ਤਾਂ 'ਚ 60 ਲੱਖ ਰੁਪਏ ਠੱਗੇ ਹਨ। ਪੁਲਸ ਵੱਲੋਂ ਇਸ ਮਾਮਲੇ 'ਚ ਗ੍ਰਿਫਤਾਰੀਆਂ ਵੀ ਸ਼ੁਰੂ ਹੋ ਚੁੱਕੀਆਂ ਹਨ।

# ਮੋਦੀ ਸਰਕਾਰ ਦਾ ਵੱਡਾ ਫ਼ੈਸਲਾ: ਜੰਮੂ-ਕਸ਼ਮੀਰ ਤੇ ਲੱਦਾਖ ਦੋ ਵੱਖੋ-ਵੱਖਰੇ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਦਿੱਤੇ ਗਏ

...ਪੰਨਾ 1 ਦਾ ਬਾਕੀ

ਅੱਜ ਇਹ ਤਜਵੀਜ਼ ਪੇਸ਼ ਕਰਦੇ ਹੋਏ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ, 'ਧਾਰਾ 370 ਹਟਾਏ ਜਾਣ ਦੀ ਇਕ ਸੈਕਿੰਡ ਦੀ ਵੀ ਦੇਰ ਨਹੀਂ ਕਰਨੀ ਚਾਹੀਦੀ। ਅਸੀਂ ਵੋਟ ਬੈਂਕ ਨਹੀਂ ਬਣਾਉਣਾ, ਭਾਜਪਾ ਕੋਲ ਸਿਆਸੀ ਇੱਛਾ ਸ਼ਕਤੀ ਦੀ ਘਾਟ ਨਹੀਂ, ਵਿਰੋਧੀ ਧਿਰ ਦੇ ਲੋਕ ਬੈਖ਼ੌਫ ਹੋ ਕੇ ਇਸ ਬਾਰੇ ਚਰਚਾ ਕਰਨ। ਇਸ ਦੇ ਬਾਅਦ ਹੰਗਾਮੇ ਦੀ ਸਥਿਤੀ ਦੌਰਾਨ ਜੰਮੂ-ਕਸ਼ਮੀਰ ਦੀ ਪੀ ਡੀ ਪੀ ਪਾਰਟੀ ਦੇ ਦੋ ਮੈਂਬਰਾਂ ਨੇ ਜਦੋਂ ਆਪਣੇ ਕੱਪੜੇ ਪਾੜਨ ਦੀ ਕੋਸ਼ਿਸ਼ ਕੀਤੀ ਤਾਂ ਰਾਜ ਸਭਾ ਦੇ ਚੇਅਰਮੈਨ ਵੈਂਕਈਆ ਨਾਇਡੂ ਨੇ ਦੋਵਾਂ ਮੈਂਬਰਾਂ ਮੀਰ ਫੈਆਜ਼ ਅਤੇ ਨਜ਼ੀਰ ਅਹਿਮਦ ਨੂੰ ਸਦਨ ਤੋਂ ਬਾਹਰ ਚਲੇ ਜਾਣ ਨੂੰ ਕਹਿ ਦਿਤਾ। ਇਹ ਦੋਵੇਂ ਪਾਰਲੀਮੈਂਟ ਮੈਂਬਰ ਇਸ ਦੇ ਵਿਰੋਧ ਵਿੱਚ ਰਾਜ ਸਭਾਅੰਦਰਧਰਨਾ ਮਾਰ ਕੇ ਜ਼ਮੀਨ ਉੱਤੇ ਬੈਠ ਗਏ ਤਾਂ ਉਨ੍ਹਾਂ ਲਈ ਸਦਨ ਵਿੱਚੋਂ ਕੱਢਣ ਦੇ ਲਈ ਮਾਰਸ਼ਲ ਬੁਲਾਉਣੇ ਪਏ।

ਬਾਅਦ ਵਿੱਚ ਹੋਈ ਬਹਿਸ ਦੌਰਾਨ ਕਾਂਗਰਸ ਪਾਰਟੀ ਦੇ ਆਗੂ ਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਗ਼ੁਲਾਮ ਨਬੀ ਆਜ਼ਾਦ ਨੇ ਕਿਹਾ, 'ਭਾਜਪਾ ਨੇ ਲੋਕਤੰਤਰ ਦੀ ਹੱਤਿਆ ਕਰ ਦਿੱਤੀ ਹੈ।' ਉਨ੍ਹਾਂ ਦੇ ਇਹ ਕਹਿਣ ਮਗਰੋਂ ਰਾਜ ਸਭਾ ਵਿੱਚ 'ਲੋਕਤੰਤਰ ਦੀ ਹੱਤਿਆ ਨਹੀਂ ਚੱਲੇਗੀ' ਦੇ ਨਾਅਰੇ ਲੱਗਣ ਲੱਗ ਪਏ। ਬਸਪਾ ਦੇਪਾਰਲੀਮੈਂਟਮੈਂਬਰ ਸਤੀਸ਼ ਚੰਦਰ ਮਿਸ਼ਰਾ ਨੇ ਕਿਹਾ, 'ਸਾਡੀ ਪਾਰਟੀ ਬਿੱਲ ਦਾ ਪੂਰਾ ਸਮਰਥਨ ਕਰਦੀ ਹੈ। ਸਾਡੀ ਪਾਰਟੀ ਕਿਸੇ ਤਰ੍ਹਾਂ ਵਿਰੋਧ ਨਹੀਂ ਦਰਜ ਕਰਵਾਏਗੀ।' ਲੱਦਾਖ ਤੋਂ ਭਾਜਪਾ ਦੇ ਪਾਰਲੀਮੈਂਟ ਮੈਂਬਰ ਜਾਮਯਾਂਗ ਸੇਰਿੰਗ ਨਾਮਗਿਆਲ ਨੇ ਕਿਹਾ, 'ਮੈਂ ਲੱਦਾਖ ਦੇ ਲੋਕਾਂਵਲੋਂ ਬਿੱਲ ਦੀ ਹਮਾਇਤ ਕਰਦਾ ਹਾਂ। ਲੋਕ ਇਸ ਨੂੰ ਕੇਂਦਰ ਸ਼ਾਸਤ ਰਾਜ ਬਣਾਉਣਾ ਚਾਹੁੰਦੇ ਸੀ, ਜੋ ਇਹ ਬਣ ਰਿਹਾ ਹੈ।'ਇਸ ਦੇ ਬਾਅਦ ਭਾਜਪਾ ਦੇ ਭੁਪਿੰਦਰ ਯਾਦਵ, ਬਹੁਜਨ ਸਮਾਜ ਪਾਰਟੀ ਦੇ ਸਤੀਸ਼ ਚੰਦਰ ਮਿਸ਼ਰ, ਸ਼ਿਵਸੈਨਾ ਨੇਤਾ ਸੰਜੇ ਰਾਉਤ, ਬੀਜੂ ਜਨਤਾ ਦਲ ਦੇ ਪ੍ਰਸੰਨ ਅਚਾਰੀਆ,ਅੰਨਾਡੀ ਐੱਮਕੇ ਦੇ ਨਵਨੀਤਕ੍ਰਿਸ਼ਣਨ ਨੇ ਬਿੱਲ ਦਾ ਸਮਰਥਨ ਕੀਤਾ ਅਤੇਕਾਂਗਰਸ ਆਗੂ ਪੀ ਚਿਦੰਬਰਮ,ਰਾਸ਼ਟਰੀ ਜਨਤਾ ਦਲ ਦੇ ਮਨੋਜ ਝਾਅ, ਡੀ ਐੱਮਕੇ ਮੈਂਬਰ ਨ੍ਰਿਤਚੀ ਸ਼ਿਵਾ, ਸੀ ਪੀ ਆਈ ਦੇ ਆਗੂਆਂ ਨੇ ਇਸ ਦਾ ਵਿਰੋਧ ਕੀਤਾ। ਜਨਤਾ ਦਲ (ਯੂਨਾਈਟਿਡ) ਦੇ ਰਾਮਨਾਥ ਠਾਕੁਰ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਅਤੇ ਉਨ੍ਹਾਂ ਦੇ ਨੇਤਾ ਨਿਤੀਸ਼ ਕੁਮਾਰ ਦੀ 1996 ਤੋਂ ਹੀ ਇਹ ਰਾਏ ਹੈ ਕਿ ਧਾਰਾ 370, ਸਾਂਝਾ ਸਿਵਲ ਕੋਡ ਅਤੇ ਹੋਰ ਵਿਵਾਦ ਵਾਲੇ ਮੁੱਦਿਆਂ ਦਾ ਨਿਪਟਾਰਾ ਅਦਾਲਤ ਜਾਂ ਆਪਸੀ ਸਹਿਮਤੀ ਨਾਲ ਹੋਣਾ ਚਾਹੀਦਾ ਹੈ। ਬਾਅਦ ਵਿੱਚ ਇਹ ਬਿੱਲ 125 ਮੈਂਬਰਾਂ ਦੇ ਸਮੱਰਥਨ ਅਤੇ ਸਿਰਫ 61 ਮੈਂਬਰਾਂ ਦੇ ਵਿਰੋਧ ਨਾਲ ਪਾਸ ਕਰ ਦਿੱਤਾ ਗਿਆ। ਰਾਜ ਸਭਾ ਦੇ ਹੋਰ ਮੈਂਬਰ ਇਸ ਦੌਰਾਨ ਪੱਖ ਜਾਂ ਵਿਰੋਧ ਵਿੱਚ ਕਿਸੇ ਪਾਸੇ ਵੋਟ ਦੇਣ ਲਈ ਅੱਗੇ ਨਹੀਂ ਆਏ।

ਗ੍ਰਹਿ ਮੰਤਰੀ ਨੇ ਆਪਣੀ ਤਜਵੀਜ਼ ਦੇ ਪੱਖ ਵਿੱਚ ਕਿਹਾ ਕਿ ਇਹ ਸੋਧ ਪਹਿਲੀ ਵਾਰ ਨਹੀਂ ਹੋਈ, ਕਾਂਗਰਸ ਨੇ ਵੀ 1952 ਅਤੇ 1962 ਵਿੱਚ ਇਸੇ ਤਰ੍ਹਾਂ ਧਾਰਾ 370 ਨੂੰ ਸੋਧਿਆ ਸੀ, ਇਸ ਲਈ ਵਿਰੋਧ ਕਰਨ ਦੀ ਬਜਾਏ ਕ੍ਰਿਪਾ ਕਰ ਕੇ ਮੈਨੂੰ ਬੋਲਣ ਦਿਓ ਤੇ ਚਰਚਾ ਕਰੋ। ਉਨ੍ਹਾਂ ਕਿਹਾ, ਧਾਰਾ 370 ਨਾਲ ਤਿੰਨ ਪਰਿਵਾਰਾਂ ਨੇ ਸਾਲਾਂ ਬੱਧੀ ਜੰਮੂ-ਕਸ਼ਮੀਰ ਨੂੰ ਲੁੱਟਿਆ ਹੈ। ਭਾਜਪਾ ਕੋਲ ਸਿਆਸੀ ਇੱਛਾ ਸ਼ਕਤੀ ਦੀ ਕਮੀ ਨਹੀਂ, ਵਿਰੋਧੀ ਧਿਰ ਦੇ ਲੋਕ ਬੇਖ਼ੌਫ ਹੋ ਕੇ ਚਰਚਾ ਕਰ ਲੈਣ। ਰਾਜ ਸਭਾ ਵਿੱਚ ਇਹ ਬਿੱਲ ਪੇਸ਼ ਕਰਨ ਤੋਂ ਪਹਿਲਾਂ ਇਸ ਬਾਰੇ ਪ੍ਰਧਾਨ ਮੰਤਰੀ ਦੀ ਮੋਦੀ ਰਿਹਾਇਸ਼ ਉੱਤੇ ਕੈਬਨਿਟ ਦੀ ਅਹਿਮ ਬੈਠਕ ਕਰ ਕੇ ਫ਼ੈਸਲਾ ਲਿਆ ਗਿਆ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕਸ਼ਮੀਰ ਮੁੱਦੇਉੱਤੇ ਦੋਵਾਂ ਸਦਨਾਂ ਨੂੰ ਸੰਬੋਧਨ ਕਰਨਗੇ।ਵਰਨਣ ਯੋਗ ਹੈ ਕਿ ਸਵੇਰ ਤੋਂ ਹੀ ਕੁਝ ਪਾਰਟੀਆਂ ਕਸ਼ਮੀਰ ਮੁੱਦੇ ਬਾਰੇ ਰਣਨੀਤੀ ਬਣਾਉਣ ਰੁੱਝੀਆਂ ਹੋਈਆਂ ਸਨ ਤੇ ਉਨ੍ਹਾਂ ਨੇ ਰਾਜ ਸਭਾ ਅਤੇ ਲੋਕ ਸਭਾ ਵਿੱਚ ਕੰਮ ਰੋਕੂ ਮਤਿਆਂ ਦਾ ਨੋਟਿਸ ਵੀ ਦਿੱਤਾ ਹੋਇਆ ਸੀ। ਜੰਮੂ-ਕਸ਼ਮੀਰ ਦੀ ਪੀ ਡੀ ਪੀ ਦੇ ਪਾਰਲੀਮੈਂਟ ਮੈਂਬਰ ਕਾਲੀਆਂ ਪੱਟੀਆਂ ਬੰਨ੍ਹ ਕੇ ਰੋਸ ਕਰ ਰਹੇ ਹਨ।

# ਭਾਰਤ ਸਰਕਾਰ ਦੀ ਸਾਨੂੰ ਕੋਈ ਹਿਮਾਇਤ ਨਹੀਂ : ਸ਼ੀਅਰ

...ਪੰਨਾ 1 ਦਾ ਬਾਕੀ

ਇਹ ਤਿੰਨ ਸਬਦ ਨਾ ਤਾਂ ਰਿਫਿਊਜ਼ੀਆਂ ਦੇ ਨੰਬਰ ਨਿਰਧਾਰਿਤ ਕਰਦੇ ਹਨ, ਨਾ ਹੀ ਬਾਰਡਰ ਸੁਰੱਖਿਅਤ ਰੱਖਣ ਦੀ ਗੱਲ ਕਰਦੇ ਹਨ, ਨਾ ਹੀ ਮਾਂ-ਬਾਪ ਨੂੰ ਸਪਾਂਸਰ ਕਰਨ ਦੇ ਪ੍ਰੋਸੈਸ ਦੇ ਸੁਧਾਰ ਦੀ ਗੱਲ ਕਰਦੇ ਹਨ, ਨਾ ਹੀ ਅੰਤਰਰਾਸ਼ਟਰੀ ਵਿਦਿਆਰਥੀਆ ਦੇ ਮੁੱਦੇ ਨੂੰ ਹੱਲ ਕਰਨ ਦੀ ਗੱਲ ਕਰਦੇ ਹਨ ਤੇ ਜੋ ਹੋਰ ਇਮੀਗ੍ਰੇਸ਼ਨ ਦੀਆਂ ਸਮੱਸਿਆਵਾਂ ਹਨ, ਉਨ੍ਹਾਂ ਬਾਰੇ ਵੀ ਇਹ ਤਿੰਨ ਸਬਦ ਬਹੁਤਾ ਖੁਲਾਸਾ ਨਹੀਂ ਕਰ ਪਾਉਂਦੇ ਤੇ ਇਨ੍ਹਾਂ ਸਮੱਸਿਆਵਾਂ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ ? ਉਨ੍ਹਾਂ ਕਿਹਾ ਕਿ ਇਨ੍ਹਾਂ ਤਿੰਨਾਂ ਸਬਦਾਂ ਵਿਚ ਹੀ ਕਾਫੀ ਕੁੱਝ ਲੁਕਿਆ ਪਿਆ ਹੈ ਤੇ ਆਪਣੀ ਨੀਤੀ ਹੋਰ ਸਪੱਸ਼ਟ ਰੂਪ ਵਿਚ ਬੜੀ ਜਲਦੀ ਲੋਕਾਂ ਸਾਹਮਣੇ ਲੈ ਕੇ ਆਵਾਂਗੇ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਹੋਰ ਕਈ ਮੁੱਦਿਆਂ ਉਤੇ ਗੱਲਬਾਤ ਕੀਤੀ। ਵੱਖ-ਵੱਖ ਭਾਸ਼ਾਵਾਂ ਦੇ ਆਏ ਮੀਡੀਆ ਸੰਚਾਲਕਾਂ ਨੇ ਆਪੋ ਆਪਣੇ ਮੁਲਕਾਂ ਸਬੰਧੀ ਸਵਾਲ ਕੀਤੇ। ਚੀਨੀ ਮੀਡੀਆ ਵਲੋਂ ਚਾਈਨਾ ਕੈਨੇਡਾ ਦੇ ਰਿਸ਼ਤੇ ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ, ਯੂਕਰੇਨੀਅਨ ਮੀਡੀਆ ਵਲੋਂ ਰੂਸ ਦਾ ਯੂਕਰੇਨ ਉਤੇ ਕੀਤਾ ਕਬਜ਼ਾ ਤੇ ਇਸ ਤਰ੍ਹਾਂ ਦੇ ਹੋਰ ਮੁੱਦੇ ਉਠਾਏ ਗਏ। ਇਸ ਦੌਰਾਨ ਵੁਡਬ੍ਰਿਜ ਤੋਂ ਰੱਦ ਕੀਤੀ ਗਈ ਕੰਜ਼ਰਵੇਟਿਵ ਦੀ ਨਾਮੀਨੇਸ਼ਨ ਅਤੇ ਕੀ ਹੋਰ ਹਲਕਿਆਂ ਤੋਂ ਕਰਵਾਈਆਂ ਨਾਮੀਨੇਸ਼ਨਜ਼ ਵਿਚ ਕਿਸੇ ਦਾ ਪੱਖ ਪੂਰਿਆ ਗਿਆ ਹੈ? ਤਾਂ ਐਂਡ੍ਰਿਊ ਸ਼ੀਅਰ ਨੇ ਕਿਹਾ ਕਿ ਸਾਡੀ ਪਾਰਟੀ ਵਿਚ ਅਜਿਹਾ ਨਹੀ ਹੁੰਦਾ। ਅਸੀਂ ਹਰ ਕਿਸੇ ਨੂੰ ਬਣਦਾ ਮੌਕਾ ਪ੍ਰਦਾਨ ਕਰਦੇ ਹਾਂ। ਯਾਦ ਰਹੇ ਕਿ ਵੁਡਬ੍ਰਿਜ ਦੀ ਨਾਮੀਨੇਸ਼ਨ ਕੈਂਸਲ ਹੋਣ ਤੋਂ ਪਹਿਲਾਂ ਬਰੈਂਪਟਨ ਹਲਕੇ ਦੀਆਂ ਨਾਮੀਨੇਸ਼ਨਜ਼ ਵੀ ਕਾਫੀ ਵਿਵਾਦਪੂਰਨ ਰਹੀਆਂ ਹਨ।

# ਲਾਵਾਲ ਵਿੱਚ ਦੋ ਟਰੈਕਟਰ ਟਰੇਲਰਜ਼ ਤੇ ਛੇ ਗੱਡੀਆਂ ਆਪਸ ਵਿੱਚ ਟਕਰਾਈਆਂ, 3 ਹਲਾਕ

...ਪੰਨਾ 1 ਦਾ ਬਾਕੀ

ਫਿਰ ਇੱਕ ਟਰੱਕ ਵਿੱਚ ਅੱਗ ਲੱਗ ਗਈ ਤੇ ਉਸ ਦੀਆਂ ਲਪਟਾਂ ਦੂਜੇ ਟਰੱਕ ਤੇ ਹੋਰਨਾਂ ਗੱਡੀਆਂ ਤੱਕ ਪਹੁੰਚ ਗਈਆਂ। ਇਨ੍ਹਾਂ ਟਰੱਕਾਂ ਵਿੱਚ ਖਾਣਾ ਲਿਜਾਇਆ ਜਾ ਰਿਹਾ ਸੀ ਪਰ ਘੱਟੋ ਘੱਟ ਇੱਕ ਗੱਡੀ ਵਿੱਚ ਪ੍ਰੋਪੇਨ ਟੈਂਕ ਸੀ। ਐਮਰਜੰਸੀ ਅਮਲੇ ਨੇ ਮੌਕੇ ਉੱਤੇ ਪਹੁੰਚ ਕੇ ਹਾਈਵੇਅ 440 ਦੀਆਂ ਸਾਰੀਆਂ ਪੱਛਮ ਵੱਲ ਜਾਂਦੀਆਂ ਲੇਨਜ਼ ਬੰਦ ਕਰਵਾਈਆਂ ਤੇ ਇਹ ਅਗਲੇ ਕਈ ਘੰਟਿਆ ਤੱਕ ਬੰਦ ਰਹਿਣ ਦੀ ਸੰਭਾਵਨਾ ਹੈ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਬਜ਼ੁਰਗ ਜੋੜੇ ਦੀ ਮੌਤ ਦੀ ਗੁੱਥੀ ਸੁਲਝੀ, ਦੋ ਜਣੇ ਗ੍ਰਿਫਤਾਰ

ਫਰੀਦਕੋਟ, 5 ਅਗਸਤ (ਪੋਸਟ ਬਿਊਰੋ)- ਇਸ ਸ਼ਹਿਰ ਦੀ ਟੀਚਰ ਕਲੋਨੀ ਵਿੱਚ 31 ਜੁਲਾਈ ਦੀ ਰਾਤ ਇਕ ਘਰ ਨੂੰ ਅੱਗ ਲੱਗਣ ਨਾਲ ਬਜ਼ੁਰਗ ਜੋੜੇ ਦੀ ਮੌਤ ਹੋਣ ਦੀ ਗੁੱਥੀ ਨੂੰ ਪੁਲਸ ਨੇ ਸੁਲਝਾ ਲਈ ਹੈ।

ਫੋਰੈਂਸਿਕ ਵਿਭਾਗ ਪੰਜਾਬ ਅਤੇ ਫਰੀਦਕੋਟ ਪੁਲਸ ਨੇ 48 ਘੰਟਿਆਂ ਦੀ ਜਾਂਚ ਪਿੱਛੋਂ ਟੀਚਰ ਕਲੋਨੀ ਵਿੱਚ ਬਜ਼ੁਰਗ ਜੋੜੇ ਦੀ ਮੌਤ ਨੂੰ ਸਾਜ਼ਿਸ਼ ਹੇਠ ਕੀਤਾ ਗਿਆ ਕਤਲ ਦੱਸਦਿਆਂ ਇਸ ਕੇਸ ਵਿੱਚ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਜ਼ਿਲਾ ਪੁਲਸ ਮੁਖੀ ਰਾਜਬਚਨ ਸਿੰਘ ਨੇ ਕਿਹਾ ਕਿ ਬਜ਼ੁਰਗ ਜੋੜੇ ਦਾ ਲੁੱਟ ਖੋਹ ਦੀ ਨੀਤ ਨਾਲ ਕਤਲ ਕੀਤਾ ਗਿਆ ਸੀ ਅਤੇ ਕਤਲ ਮਗਰੋਂ ਸਬੂਤ ਖਤਮ ਕਰਨ ਲਈ ਘਰ ਨੂੰ ਅੱਗ ਲਾਈ ਗਈ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਦੌਰਾਨ ਘਟਨਾ ਵਾਲੀ ਰਾਤ ਘਰ ਵਿੱਚੋਂ 60 ਹਜ਼ਾਰ ਰੁਪਏ ਨਗਦ, ਮੋਬਾਈਲ ਫੋਨ ਤੇ ਦੋ ਤੋਲੇ ਸੋਨਾ ਗਾਇਬ ਹੋਣ ਦੀ ਜਾਣਕਾਰੀ ਮਿਲੀ ਸੀ। ਪੁਲਸ ਨੇ ਪੜਤਾਲ ਤੋਂ ਬਾਅਦ ਦਸਮੇਸ਼ ਨਗਰ ਦੇ ਵਸਨੀਕ ਮਨਦੀਪ ਸਿੰਘ ਉਰਫ ਰੌਬੀ ਅਤੇ ਮਨਪ੍ਰੀਤ ਸਿੰਘ ਉਰਫ ਪਿੰਟੂ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਘਟਨਾ ਸਥਾਨ ਤੋਂ ਸ਼ਰਾਬ ਦੀ ਬੋਤਲ ਤੇ ਦੋ ਗਲਾਸ ਵੀ ਮਿਲੇ ਸਨ ਅਤੇ ਬੋਤਲ ਤੋਂ ਫਿੰਗਰ ਪ੍ਰਿੰਟ ਵੀ ਲਏ ਗਏ ਸਨ। ਦੋਸ਼ੀਆਂ ਤੋਂ ਚੋਰੀ ਕੀਤੇ ਪੈਸੇ, ਮੋਬਾਈਲ ਅਤੇ ਵਾਰਦਾਤ ਲਈ ਵਰਤਿਆ ਮੋਟਰ ਸਾਈਕਲ ਵੀ ਬਰਾਮਦ ਹੋ ਗਿਆ ਹੈ। ਮਨਦੀਪ ਸਿੰਘ ਉਰਫ ਰੌਬੀ ਨੇ ਬਜ਼ੁਰਗ ਜੋੜੇ ਦੇ ਘਰੋਂ ਚੋਰੀ ਪੈਸਿਆਂ ਨਾਲ ਇਕ ਫਰਿੱਜ਼ ਅਤੇ ਕੂਲਰ ਵੀ ਖਰੀਦ ਲਿਆ ਸੀ। ਇਹ ਸਾਮਾਨ ਵੀ ਪੁਲਸ ਨੇ ਕਬਜ਼ੇ ਵਿੱਚ ਲੈ ਲਿਆ ਹੈ। ਗ੍ਰਿਫਤਾਰ ਕੀਤੇ ਦੋਸ਼ੀਆਂ ਨੂੰ ਕੱਲ੍ਹ ਇਥੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਥੋਂ ਅਦਾਲਤ ਨੇ ਮਾਮਲੇ ਦੀ ਪੁੱਛਗਿੱਛ ਲਈ ਦੋਵਾਂ ਮੁਲਜ਼ਮਾਂ ਨੂੰ ਤਿੰਨ ਦਿਨ ਦੇ ਪੁਲਸ ਰਿਮਾਂਡ ਲਿਜਾਣ ਦਾ ਹੁਕਮ ਦਿੱਤਾ।

# ਕੋਟਕਪੂਰਾ ਗੋਲੀ ਕਾਂਡ: ਉਮਰਾਨੰਗਲ ਦੀਆਂ ਅਰਜ਼ੀਆਂ ਰੱਦ, 7 ਨੂੰ ਪੇਸ਼ੀ ਦਾ ਹੁਕਮ

ਫਰੀਦਕੋਟ, 5 ਅਗਸਤ (ਪੋਸਟ ਬਿਊਰੋ)- ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਕਰਦਿਆਂ ਕੱਲ੍ਹ ਇਲਾਕਾ ਮੈਜਿਸਟਰੇਟ ਨੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਵੱਲੋਂ ਦਾਇਰ ਅਰਜ਼ੀਆਂ ਰੱਦ ਕਰ ਕੇ ਇਸ ਕੇਸ ਦੇ ਸਾਰੇ ਦੋਸ਼ੀਆਂ ਨੂੰ ਸੱਤ ਅਗਸਤ ਨੂੰ ਫਰੀਦਕੋਟ ਸੈਸ਼ਨ ਜੱਜ ਦੇ ਕੋਲ ਨਿੱਜੀ ਤੌਰ 'ਤੇ ਪੇਸ਼ ਹੋਣ ਨੂੰ ਕਿਹਾ ਹੈ। ਸੁਣਵਾਈ ਵੇਲੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਪਾਰਲੀਮੈਂਟਰੀ ਸਕੱਤਰ ਮਨਤਾਰ ਸਿੰਘ ਬਰਾੜ ਵੀ ਹਾਜ਼ਰ ਸਨ।

ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਵਿਸ਼ੇਸ਼ ਟੀਮ ਦੀ ਚਾਰਜਸ਼ੀਟ ਨੂੰ ਚੁਣੌਤੀ ਦਿੰਦਿਆਂ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਅਦਾਲਤ ਵਿੱਚ ਅਰਜ਼ੀ ਦੇ ਕੇ ਦੋਸ਼ ਲਾਇਆ ਸੀ ਕਿ ਜਾਂਚ ਟੀਮ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਯਮਾਂ ਅਨੁਸਾਰ ਜਾਂਚ ਨਹੀਂ ਕੀਤੀ, ਇਸ ਲਈ ਜਾਂਚ ਟੀਮ ਵੱਲੋਂ ਕੀਤੀ ਜਾਂਚ ਗੈਰਕਾਨੂੰਨੀ ਹੈ। ਅਦਾਲਤ ਨੇ ਛੇ ਦਿਨ ਸੁਣਵਾਈ ਕਰਨ ਪਿੱਛੋਂ ਪੁਲਸ ਅਧਿਕਾਰੀਆਂ ਦੀਆਂ ਅਰਜ਼ੀਆਂ ਨੂੰ ਰੱਦ ਕਰ ਦਿੱਤਾ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

# ਸਾਊਦੀ ਅਰਬ ਨੇ ਔਰਤਾਂ ਦੇ ਪੱਖ ਦਾ ਇਤਿਹਾਸਕ ਫੈਸਲਾ ਲਿਆ

## * ਪੁਰਸ਼ ਗਾਰਡੀਅਨ ਤੋਂ ਬਿਨਾਂ ਵੀ ਵਿਦੇਸ਼ ਜਾ ਸਕਣਗੀਆਂ

ਰਿਆਧ, 5 ਅਗਸਤ (ਪੋਸਟ ਬਿਊਰੋ)- ਸਾਊਦੀ ਅਰਬ ਦੀ ਔਰਤ ਕਿਸੇ ਪੁਰਸ਼ ਗਾਰਡੀਅਨ ਦੀ ਇਜਾਜ਼ਤ ਦੇ ਬਿਨਾਂ ਵੀ ਅੱਗੇ ਤੋਂ ਵਿਦੇਸ਼ ਯਾਤਰਾ ਕਰ ਸਕਣਗੀਆਂ। ਇਹ ਫੈਸਲਾ ਸਾਊਦੀ ਅਰਬ ਸਰਕਾਰ ਨੇ ਕੀਤਾ ਹੈ। ਵਰਨਣ ਯੋਗ ਹੈ ਕਿ ਔਰਤਾਂ ਉਤੇ ਇਸ ਪਾਬੰਦੀ ਦੇ ਕਾਰਨ ਅੰਤਰਰਾਸ਼ਟਰੀ ਪੱਧਰ 'ਤੇ ਸਾਊਦੀ ਅਰਬ ਆਲੋਚਨਾਵਾਂ ਦਾ ਸ਼ਿਕਾਰ ਹੋ ਰਿਹਾ ਸੀ ਤੇ ਇਸੇ ਕਾਰਨ ਕਈ ਔਰਤਾਂ ਨੇ ਦੇਸ਼ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਸੀ। ਇਸ ਇਤਿਹਾਸਕ ਸੁਧਾਰ ਦੇ ਬਾਅਦ ਉਹ ਪੁਰਾਣੀ ਗਾਰਡੀਅਨ ਪ੍ਰਣਾਲੀ ਸਮਾਪਤ ਹੋ ਜਾਵੇਗੀ, ਜਿਸ ਹੇਠ ਕਾਨੂੰਨ ਔਰਤਾਂ ਨੂੰ ਸਥਾਈ ਰੂਪ ਨਾਲ ਨਾਬਾਲਗ ਸਮਝਦਾ ਹੈ ਤੇ ਉਨ੍ਹਾਂ ਦੇ ਗਾਰਡੀਅਨ, ਮਤਲਬ ਕਿ ਪਤੀ, ਪਿਤਾ ਅਤੇ ਹੋਰ ਪੁਰਸ਼ ਸਬੰਧੀਆਂ ਨੂੰ ਉਨ੍ਹਾਂ ਉੱਤੇ ਮਰਜ਼ੀ ਠੋਸਣ ਦਾ ਅਧਿਕਾਰ ਦਿੰਦਾ ਹੈ। ਔਰਤ ਅਧਿਕਾਰ ਕਾਰਕੁਨਾਂ ਦੇ ਕਈ ਸਾਲਾਂ ਦੀ ਮੁਹਿੰਮ ਦੇ ਬਾਅਦ ਇਹ



ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਉਸ ਸਮੇਂ ਆਇਆ ਹੈ ਜਦ ਕਈ ਔਰਤਾਂ ਨੇ ਆਪਣੇ ਗਾਰਡੀਅਨਾਂ ਤੋਂ ਭੱਜਣ ਦੀ ਕੋਸ਼ਿਸ਼ ਕੀਤੀ। ਸਾਊਦੀ ਅਰਬ 'ਚ ਪਿਛਲੇ ਸਾਲ ਵੀ ਇਕ ਇਤਿਹਾਸਕ ਫੈਸਲਾ ਦਿੱਤਾ ਗਿਆ ਸੀ, ਜਿਸ ਦੇ ਬਾਅਦ ਇਥੇ ਔਰਤਾਂ ਦੇ ਵਾਹਨ ਚਲਾਉਣ 'ਤੇ ਲੱਗੀ ਪਾਬੰਦੀ ਨੂੰ ਹਟਾ ਦਿੱਤਾ ਗਿਆ ਸੀ। ਸਰਕਾਰੀ ਗਜਟ ਉਮ ਅਲ ਕੁਰਾ 'ਚ ਛਪੇ ਸਰਕਾਰੀ ਫੈਸਲੇ ਵਿੱਚ ਕਿਹਾ ਗਿਆ ਹੈ ਕਿ ਸਾਊਦੀ ਅਰਬ ਦੇ ਹਰ ਉਸ ਨਾਗਰਿਕ ਨੂੰ ਪਾਸਪੋਰਟ ਦਿੱਤਾ ਜਾਵੇਗਾ, ਜੋ ਅਰਜ਼ੀ ਦਿੰਦਾ ਹੈ। ਸਥਾਨਕ ਮੀਡੀਆ ਨੇ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਇਹ ਨਿਯਮ 21 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਪਾਸਪੋਰਟ ਲੈਣ ਅਤੇ ਉਨ੍ਹਾਂ ਦੇ ਗਾਰਡੀਅਨਾਂ ਦੀ ਇਜਾਜ਼ਤ ਦੇ ਬਿਨਾਂ ਦੇਸ਼ ਤੋਂ ਬਾਹਰ ਜਾਣ ਦੀ ਇਜਾਜ਼ਤ ਦੇਵੇਗਾ।

# ਭਗਤ ਪੂਰਨ ਸਿੰਘ ਜੀ ਦੀ 27ਵੀਂ ਬਰਸੀ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ

ਅੰਮ੍ਰਿਤਸਰ, 5 ਅਗਸਤ (ਗਿਆਨ ਸਿੰਘ): ਵੀਹਵੀਂ ਸਦੀ ਦੇ ਮਾਨਵਤਾ ਨੂੰ ਸਮਰਪਿਤ ਮਹਾਨ ਸਮਾਜ ਸੇਵੀ, ਅਪੰਗ, ਮੰਦ-ਬੁੱਧੀ, ਅਪਹਾਜ ਅਤੇ ਲਵਾਰਸਾਂ ਦੇ ਵਾਰਿਸ ਭਗਤ ਪੂਰਨ ਸਿੰਘ ਜੀ ਦੀ 27ਵੀਂ ਬਰਸੀ ਸਬੰਧੀ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅੰਮ੍ਰਿਤਸਰ ਵਿਖੇ ਧੰਨ ਬਾਬਾ ਦੀਪ ਸਿੰਘ ਜੀ ਸੇਵਾ ਸੁਸਾਇਟੀ ਵਲੋਂ ਰੱਖੇ ਗਏ ਅਖੰਡ ਪਾਠ ਸਾਹਿਬ ਦੇ ਭੋਗ ਪਾਇਆ ਗਿਆ। ਭਾਈ ਜਸਬੀਰ ਸਿੰਘ ਪੰਜਾਬ ਐਂਡ ਸਿੰਘ ਬੈਂਕ ਵਾਲਿਆ ਵਲੋਂ ਕੀਰਤਨ ਕੀਤਾ ਗਿਆ। ਉਪਰੰਤ ਨਿਸ਼ਾਨ ਸਾਹਿਬ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਖੁੱਲੇ ਪੰਡਾਲ ਵਿਚ ਸ਼ਸ਼ੋਭਿਤ ਕੀਤਾ ਗਿਆ।



ਸ਼ਰਧਾਂਜਲੀ ਸਮਾਗਮ ਦੇ ਕੀਰਤਨ ਦਰਬਾਰ ਦਾ ਆਰੰਭ ਪਿੰਗਲਵਾੜਾ ਸੰਸਥਾ ਦੀਆਂ ਬੱਚੀਆਂ ਅਤੇ ਬੱਚਿਆਂ ਵੱਲੋਂ ਆਪਣੇ ਮਨੋਹਰ ਕੀਰਤਨ ਦੁਆਰਾ ਕੀਤਾ ਗਿਆ। ਉਪਰੰਤ ਪ੍ਰੋ. ਕਰਤਾਰ ਸਿੰਘ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਰੋਪੜ ਵਾਲਿਆਂ ਨੇ ਤੰਤੀ ਸਾਜਾਂ ਨਾਲ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਭਗਤ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਮੌਕੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਨੇ ਭਗਤ ਜੀ ਨੂੰ ਸ਼ਰਧਜਾਲੀ ਪੇਸ਼ ਕਰਦਿਆਂ ਉਹਨਾਂ ਦੀਆਂ ਸਮਾਜ ਪ੍ਰਤੀ ਘਾਲਨਾਵਾਂ ਦੀ ਸ਼ਲਾਘਾ ਕਰਦਿਆਂ ਆਪਣੀ ਸ਼ਰਧਾ ਦੇ ਫੁੱਲ ਅਰਪਨ ਕੀਤੇ ਅਤੇ ਕਿਹਾ ਕਿ ਸਿੱਖੀ ਸਿਧਾਤਾਂ ਵਿਚ ਨਿਸ਼ਕਾਮ ਸੇਵਾ ਦਾ ਸਹੀ ਸਰੂਪ ਪਿੰਗਲਵਾੜੇ ਵਿਚ ਭਗਤ ਪੂਰਨ ਸਿੰਘ ਦੁਆਰਾ ਦਿਤੀ ਸੇਧ ਦੁਆਰਾ ਵੇਖਿਆ ਜਾ ਸਕਦਾ ਹੈ।

ਇਸ ਤੋਂ ਬਾਅਦ ਇਸ ਮੌਕੇ ਹੇਠ ਲਿਖੀਆਂ ਪੁਸਤਕਾਂ ਦੀ ਘੁੰਡ ਚੁਕਾਈ ਦੀ ਰਸਮ ਵੀ ਕੀਤੀ ਗਈ:

-ਸਰਬੱਤ ਦੇ ਭਲੇ ਦੇ ਮਾਰਗ ਦਾ ਪਾਂਧੀ ਭਗਤ ਪੂਰਨ ਸਿੰਘ
-ਅਜੋਕੀ ਸਿੱਖਿਆ ਪ੍ਰਣਾਲੀ
-ਇਕ ਉਦੇਸ਼ ਭਰੀ ਜ਼ਿੰਦਗੀ ਜੀਵਨੀ- ਡਾ. ਇੰਦਰਜੀਤ ਕੌਰ
-ਵਿਲੱਖਣ ਸਖਸ਼ੀਅਤਾਂ
-ਸ੍ਰੀ ਗੁਰੂ ਨਾਨਕ ਦੇਵ ਜੀ
-ਸਿੱਖਿਆ ਨੀਤੀ ਦੀ ਵਿੰਡਬਨਾ (ਹਿੰਦੀ ਕਿਤਾਬ)

ਭਾਈ ਗੋਬਿੰਦ ਸਿੰਘ ਲੋਂਗੋਵਾਲ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਗਤ ਜੀ ਦੀ ਅਦੁੱਤੀ ਸ਼ਖਸ਼ੀਅਤ ਤੇ ਉਨ੍ਹਾਂ ਦੇ ਸਮਾਜ ਪ੍ਰਤੀ ਕੀਤੇ ਕਾਰਜਾਂ ਤੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਡਾ. ਇੰਦਰਜੀਤ ਕੌਰ ਮੁੱਖ ਸੇਵਾਦਾਰ ਪਿੰਗਲਵਾੜਾ ਅੰਮ੍ਰਿਤਸਰ ਦੁਆਰਾ ਭਗਤ ਜੀ ਦੀ ਸੇਧ ਮੁਤਾਬਕ ਪਿੰਗਲਵਾੜੇ ਦੁਆਰਾ ਲਵਾਰਿਸਾਂ ਦੀ ਕੀਤੀ ਜਾ ਰਹੀ ਸੇਵਾ ਸਿੱਖ ਪੰਥ ਵਲੋਂ ਧੰਨਵਾਦ ਕੀਤਾ ਅਤੇ ਇਹ ਦਸਿਆ ਕਿ ਗੁਰੂ ਘਰ ਤੋਂ ਬਾਅਦ ਪਿੰਗਲਵਾੜਾ ਇਕ ਐਸੀ ਸੰਸਥਾ ਹੈ ਜੋ ਸਹੀ ਅਰਥਾਂ ਵਿਚ ਗੁਰੂ ਨਾਨਕ ਸਾਹਿਬ ਦੀ ਨਕਸ਼ੇ ਕਦਮ ਤੇ ਚਲਦੇ ਹੋਏ ਗਰੀਬਾਂ, ਯਤੀਮਾਂ, ਮਜ਼ਲੂਮਾਂ ਅਤੇ ਅਨਾਥਾਂ ਦੀ ਸੇਵਾ ਕਰ ਰਹੀ ਹੈ। ਡਾ. ਕੁਲਵੰਤ ਕੌਰ ਪ੍ਰਧਾਨ ਮਾਈ ਭਾਗੋ ਬਰਗੇਡ ਪਟਿਆਲਾ ਨੇ ਭਗਤ ਜੀ ਦੀ ਸਮਾਜ ਪ੍ਰਤੀ ਸੇਵਾ ਤੇ ਆਪਣੀ ਸ਼ਰਧਾ ਦੇ ਫੁੱਲ ਅਰਪਨ ਕੀਤੇ।

ਇਸ ਮੌਕੇ ਆਈ.ਜੀ. ਪੁਲਿਸ (ਜੰਮੂ ਕਸ਼ਮੀਰ) ਆਰ ਐਸ ਬਿਜਰਾਲ ਜੀ (ਰਿਟਾ.), ਰਵਿੰਦਰ ਸਿੰਘ ਇੰਪੀਰਿਅਲ ਹੋਟਲ ਨਵੀਂ ਦਿੱਲੀ, ਐਡਵੋਕੇਟ ਸੁਦਰਸ਼ਨ ਕਪੂਰ, ਭਾਈ ਕਿਸ਼ਨ ਸਿੰਘ ਸੰਤਨ ਕੀ ਕੁਟੀਆ, ਪ੍ਰਿੰਸੀਪਲ ਸਵਰਨ ਸਿੰਘ ਤੁਗਲਵਾੜਾ ਸਕੂਲ, ਆ. ਮੁਖਤਾਰ ਸਿੰਘ, ਰਜਿੰਦਰਪਾਲ ਸਿੰਘ ਅਤੇ ਕਈ ਹੋਰ ਸਖਸ਼ੀਅਤਾਂ ਹਾਜ਼ਿਰ ਹੋਈਆਂ।

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

# ਸੋਢੀ ਤੇ ਬਲਬੀਰ ਸਿੱਧੂ ਵੱਲੋਂ ਨਵੇਂ ਖੇਡ ਹੋਸਟਲ ਦਾ ਉਦਘਾਟਨ

ਚੰਡੀਗੜ੍ਹ/ਮੁਹਾਲੀ, 5 ਅਗਸਤ (ਗਿਆਨ ਸਿੰਘ): ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਤੇ ਸਿਹਤ ਮੰਤਰੀ ਸ ਬਲਬੀਰ ਸਿੰਘ ਸਿੱਧੂ ਨੇ ਅੱਜ ਇੱਥੇ ਸੈਕਟਰ 63 ਵਿਖੇ ਨਵੇਂ ਬਣਾਏ ਖੇਡ ਕੰਪਲੈਕਸ ਦਾ ਉਦਘਾਟਨ ਕੀਤਾ।



ਹੋਸਟਲ ਕੰਪਲੈਕਸ ਦਾ ਉਦਘਾਟਨ ਕਰਨ ਉਪਰੰਤ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਖੇਡ ਮੰਤਰੀ ਰਾਣਾ ਸੋਢੀ ਨੇ ਦੱਸਿਆ ਕਿ ਪੰਜਾਬ ਸਟੇਟ ਇੰਸਟੀਚਿਊਟ ਆਫ ਸਪੋਰਟਸ ਦੀ ਬੁੱਕਲ ਵਿੱਚ ਬਣਿਆ ਇਹ ਖੇਡ ਕੰਪਲੈਕਸ ਦੋ ਹਿੱਸਿਆਂ ਵਿੱਚ ਵੰਡਿਆਂ ਹੈ। ਏ ਬਲਾਕ ਮੁੰਡਿਆਂ ਤੇ ਬੀ ਬਲਾਕ ਕੁੜੀਆਂ ਲਈ ਹੈ। 1.5 ਏਕੜ ਜਗ੍ਹਾਂ ਵਿੱਚ 8.27 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਇਸ ਛੇ ਮੰਜਲਿਾਂ ਹੋਸਟਲ ਵਿੱਚ ਕਮਰੇ ਤੇ ਡੌਰਮੈਟਰੀ ਹਾਲ ਮਿਲਾ ਕੇ ਕੁੱਲ 88 ਕਮਰੇ ਹਨ ਅਤੇ 425 ਖਿਡਾਰੀਆਂ ਦੇ ਰਹਿਣ ਦੀ ਸਮਰੱਥਾ ਹੈ।ਇਹ ਹੋਸਟਲ ਡੇਢ ਸਾਲ ਦੇ ਸਮੇਂ ਵਿੱਚ ਬਣਿਆ।

ਰਾਣਾ ਸੋਢੀ ਨੇ ਅਗਾਂਹ ਦੱਸਿਆ ਕਿ ਇਸ ਹੋਸਟਲ ਵਿੱਚ ਹਾਕੀ, ਅਥਲੈਟਿਕਸ, ਮੁੱਕੇਬਾਜੀ, ਵਾਲੀਬਾਲ, ਬਾਸਕਟਬਾਲ, ਜੂਡੋ, ਤੈਰਾਕੀ, ਵੇਟ ਲਿਫਟਿੰਗ, ਜਿਮਨਾਸਟਿਕ, ਕੁਸਤੀ ਤੇ ਟੇਬਲ ਟੈਨਿਸ ਖੇਡ ਵਿੰਗਾਂ ਦੇ ਖਿਡਾਰੀ ਰਹਿਣਗੇ। ਹੋਸਟਲ ਕੰਪਲੈਕਸ ਵਿੱਚ ਖੁੱਲ੍ਹੇ ਹਵਾਦਾਰ ਕਮਰਿਆਂ ਤੇ ਸਾਫ ਸੁਥਰੀ ਮੈਸ ਤੋਂ ਇਲਾਵਾ ਟੀਵੀ ਕਮਰਾ, ਸਟੱਡੀ ਰੂਮ ਤੇ ਮਨੋਰੰਜਨ ਲਈ ਵੱਖਰਾ ਕਮਰਾ ਹੈ।ਉਨ੍ਹਾਂ ਕਿਹਾ ਕਿ ਅੱਗੇ ਤੋਂ ਖਿਡਾਰੀਆਂ ਲਈ ਏਸੀ ਹੋਸਟਲ ਲਈ ਬਣਾਏ ਜਾਣਗੇ। ਉਨ੍ਹਾਂ ਦੱਸਿਆ ਕਿ ਹੋਸਟਲ ਦੇ ਵਿੱਚ ਹੀ ਪੀ ਆਈ ਐਸ ਦੇ ਡਾਇਰੈਕਟਰ (ਪ੍ਰਸਾਸਨ) ਦਾ ਦਫਤਰ ਕਮਰਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਖੇਡਾਂ ਵਿੱਚ ਪੰਜਾਬ ਨੂੰ ਦੇਸ ਦਾ ਮੋਹਰੀ ਸੂਬਾ ਬਣਾਉਣ ਲਈ ਬਿਹਤਰ ਢਾਂਚਾ ਉਸਾਰ ਰਹੀ ਹੈ ਅਤੇ ਇਸ ਦੇ ਚੰਗੇ ਨਤੀਜੇ ਆਉਣ ਵਾਲੇ ਸਮੇਂ ਵਿੱਚ ਮਿਲਣਗੇ।

ਖੇਡ ਮੰਤਰੀ ਰਾਣਾ ਸੋਢੀ ਤੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਮੁਹਾਲੀ ਸਹਿਰ ਪੰਜਾਬ ਦੀਆਂ ਖੇਡਾਂ ਦੀਆਂ ਧੁਰਾ ਬਣ ਗਿਆ ਅਤੇ ਇੱਥੇ ਹਰ ਖੇਡ ਨਾਲ ਸਬੰਧਤ ਹਰ ਤਰ੍ਹਾਂ ਦਾ ਬੁਨਿਆਦੀ ਢਾਂਚਾ ਉਸਾਰਿਆ ਗਿਆ ਹੈ।ਸਿਹਤ ਮੰਤਰੀ ਸਿੱਧੂ ਨੇ ਮੁਹਾਲੀ ਸਹਿਰ ਨੂੰ ਇਕ ਹੋਰ ਤੋਹਫਾ ਦੇਣ ਲਈ ਮੁੱਖ ਮੰਤਰੀ ਤੇ ਖੇਡ ਮੰਤਰੀ ਦਾ ਉਚੇਚੇ ਤੌਰ ਉਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਹੀ ਮੁਹਾਲੀ ਦੇ ਫੇਜ-6 ਵਿਖੇ ਬਣਨ ਜਾ ਰਹੀ ਅਤਿ ਆਧੁਨਿਕ ਸੂਟਿੰਗ ਰੇਂਜ ਦਾ ਨੀਂਹ ਪੱਥਰ ਰੱਖਿਆ ਸੀ।

# ਪੰਜਾਬ ਦੇ ਰੀਅਲ ਅਸਟੇਟ ਨਿਯਮਾਂ ’ਚ ਇਕਸਾਰਤਾ ਲਿਆਵੇਗਾ ਮਾਹਿਰਾਂ ਦਾ ਗਰੁੱਪ

ਚੰਡੀਗੜ, 5 ਅਗਸਤ (ਗਿਆਨ ਸਿੰਘ) ਸੂਬੇ ਦੇ ਰੀਅਲ ਅਸਟੇਟ ਨਿਯਮਾਂ ਵਿੱਚ ਹੋਰ ਪਾਰਦਰਸ਼ਤਾ ਤੇ ਇਕਸਾਰਤਾ ਲਿਆਉਣ ਲਈ ਪੰਜਾਬ ਰੀਅਲ ਅਸਟੇਟ ਰੇਗੂਲੇਟਰੀ ਅਥਾਰਟੀ ਵੱਲੋਂ ਮਾਹਿਰਾਂ ਦਾ ਗਰੁੱਪ ਕਾਇਮ ਕੀਤਾ ਗਿਆ ਹੈ ਤਾਂ ਜੋ ਰੀਅਲ ਅਸਟੇਟ ਖੇਤਰ ਨਾਲ ਸਬੰਧਤ ਵੱਖ ਵੱਖ ਕਾਨੂੰਨਾਂ ਦਾ ਅਧਿਐਨ ਕੀਤਾ ਜਾ ਸਕੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ‘ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਤੇ ਵਿਕਾਸ ਐਕਟ,1995; ਪੰਜਾਬ ਅਪਾਰਟਮੈਂਟ ਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ ਅਤੇ ਪੰਜਾਬ ਅਪਾਰਟਮੈਂਟ ਓਨਰਸ਼ਿਪ ਐਕਟ,1995 ਵਰਗੇ ਵੱਖ ਵੱਖ ਕਾਨੂੰਨਾਂ ਦੇ ਅਧਿਐਨ ਲਈ 2 ਮੈਂਬਰੀ ਗਰੁੱਪ ਗਠਿਤ ਕੀਤਾ ਗਿਆ ਹੈ।

**ਪੰਜਾਬ ਰੀਅਲ ਅਸਟੇਟ ਰੇਗੂਲੇਟਰੀ ਅਥਾਰਟੀ ਵੱਲੋਂ ਦੋ-ਮੈਂਬਰੀ ਗਰੁੱਪ ਕਾਇਮ**

ਉਨ੍ਹਾਂ ਕਿਹਾ ਕਿ ਰੀਅਲ ਅਸਟੇਟ ਖੇਤਰ ਸਬੰਧੀ ਮੌਜੂਦਾ ਕਾਨੂੰਨਾਂ ਦੀ ਚੰਗੀ ਤਰ੍ਹਾਂ ਪੜਚੋਲ ਕਰਨ ਬਾਅਦ ਇਹ ਗਰੁੱਪ ਨਿਯਮਾਂ ਵਿੱਚ ਲੋੜੀਂਦੀਆਂ ਤਰਮੀਮਾਂ ਕਰਨ ਹਿੱਤ ਆਪਣੇ ਸੁਝਾਅ ਪੇਸ਼ ਕਰੇਗਾ ਤਾਂ ਜੋ ਰੀਅਲ ਅਸਟੇਟ ਸਬੰਧੀ ਮੌਜੂਦਾ ਕਾਨੂੰਨਾਂ ਵਿੱਚ ਰੀਅਲ ਅਸਟੇਟ (ਰੈਗੂਲੇਸ਼ਲ ਐਂਡ ਡਿਵੈੱਲਪਮੈਂਟ) ਐਕਟ, 2016 ਅਤੇ ਕੇਂਦਰੀ ਕਾਨੂੰਨ ਮੁਤਾਬਕ ਇਕਸਾਰਤਾ ਲਿਆਂਦੀ ਜਾ ਸਕੇ।

ਇਸ ਗਰੁੱਪ ਦੇ ਸੁਝਾਅ ਮਨਜ਼ੂਰੀ ਵਾਸਤੇ ਸਰਕਾਰ ਕੋਲ ਭੇਜੇ ਜਾਣਗੇ। ਇਨ੍ਹਾਂ ਕਾਨੂੰਨਾਂ ਨੂੰ ਰੀਅਲ ਅਸਟੇਟ (ਰੈਗੂਲੇਸ਼ਲ ਐਂਡ ਡਿਵੈਲਪਮੈਂਟ) ਐਕਟ,2016 ਅਤੇ ਕੇਂਦਰੀ ਕਾਨੂੰਨ ਦੇ ਅਨੁਕੂਲ ਬਣਾਉਣ ਨਾਲ ਜਿੱਥੇ ਧੋਖਾਧੜੀ ਤੇ ਅਸਥਿਰਤਾ ਘਟੇਗੀ ਉੱਥੇ ਹੀ ਇਸ ਨਾਲ ਆਮ ਲੋਕਾਂ ਅਤੇ ਰੀਅਲ ਅਸਟੇਟ ਖੇਤਰ ਨਾਲ ਸਬੰਧਤ ਧਿਰਾਂ ਵਿੱਚ ਸਪੱਸ਼ਟਤਾ ਵਧੇਗੀ।

ਜ਼ਿਕਰਯੋਗ ਹੈ ਕਿ ਘਰ ਖ਼ਰੀਦਣ ਵਾਲਿਆਂ ਦੇ ਹਿੱਤਾਂ ਦੀ ਰਾਖੀ ਅਤੇ ਰੀਅਲ ਅਸਟੇਟ ਖੇਤਰ ਵਿੱਚ ਨਿਵੇਸ਼ ਆਕਰਸ਼ਿਤ ਕਰਨ ਲਈ ਸਾਲ 2016 ਵਿੱਚ ਰੀਅਲ ਅਸਟੇਟ (ਰੈਗੂਲੇਸ਼ਲ ਐਂਡ ਡਿਵੈਲਪਮੈਂਟ) ਐਕਟ (ਰੇਰਾ) ਅਮਲ ਵਿੱਚ ਲਿਆਂਦਾ ਗਿਆ ਸੀ ਅਤੇ ਇਸ ਐਕਟ ਨੂੰ ਲਾਗੂ ਕਰਨ ਵਾਲੇ ਮੋਹਰੀ ਸੂਬਿਆਂ ਵਿੱਚ ਪੰਜਾਬ ਵੀ ਸ਼ੁਮਾਰ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੇ ਰੀਅਲ ਅਸਟੇਟ (ਰੈਗੂਲੇਸ਼ਲ ਐਂਡ ਡਿਵੈਲਪਮੈਂਟ) ਰੂਲਜ਼,2017 ਮਿਤੀ 8/6/2017 ਨੂੰ ਨੋਟੀਫਾਈ ਕੀਤੇ ਸਨ । ਰੀਅਲ ਅਸਟੇਟ (ਰੈਗੂਲੇਸ਼ਲ ਐਂਡ ਡਿਵੈਲਪਮੈਂਟ) ਐਕਟ, 2016 ਦੇ ਕਾਰਜਸ਼ੀਲ ਹੋਣ ਤੋਂ ਬਾਅਦ ਰੇਰਾ ਐਕਟ ਤੇ ਸੈਂਟਰਲ ਲੈਜਿਸਲੇਸ਼ਨ ਅਤੇ ਪੰਜਾਬ ਵਿੱਚ ਰੀਅਲ ਅਸਟੇਟ ਸਬੰਧੀ ਲਾਗੂ ਵੱਖ ਵੱਖ ਕਾਨੂੰਨਾਂ ਵਿਚਕਾਰ ਕਈ ਤਰੁੱਟੀਆਂ ਤੇ ਅਸਮਾਨਤਾਵਾਂ ਸਾਹਮਣੇ ਆਈਆਂ।

ਮੌਜੂਦਾ ਕਾਨੂੰਨਾਂ ਨੂੰ ਰੀਅਲ ਅਸਟੇਟ (ਰੈਗੂਲੇਸ਼ਲ ਐਂਡ ਡਿਵੈਲਪਮੈਂਟ) ਐਕਟ, 2016 ਦੀਆਂ ਮੱਦਾਂ ਦੇ ਅਨੁਕੂਲ ਬਣਾਉਣ ਲਈ ਮੌਜੂਦਾ ਕਾਨੂੰਨਾਂ ਦੀ ਪੜਚੋਲ ਅਤੇ ਬਣਦੀਆਂ ਸੋਧਾਂ ਕਰਨ ਦੀ ਲੋੜ ਮਹਿਸੂਸ ਕੀਤੀ ਗਈ।

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੇ ਸੂਬੇ ਦੀ ਰੀਅਲ ਅਸਟੇਟ ਰੇਗੂਲੇਟਰੀ ਅਥਾਰਟੀ ਨੂੰ ਇੱਕ ਗਰੁੱਪ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਰੀਅਲ ਅਸਟੇਟ ਸਬੰਧੀ ਕਾਨੂੰਨਾਂ ਦੀ ਪੜਚੋਲ ਕਰਨ ਉਪਰੰਤ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਜਾ ਸਕਣ।

# ਸੁਖਬੀਰ ਸਿੰਘ ਬਾਦਲ ਦੀ ਚੋਣ ਨੂੰ ਚੁਣੌਤੀ ਕਾਰਨ ਨੋਟਿਸ ਜਾਰੀ

*** 1157142 ਬਦਲੇ 1166717 ਵੋਟਾਂ ਗਿਣਨ ਦਾ ਦੋਸ਼ ਲੱਗਾ**

ਚੰਡੀਗੜ੍ਹ, 5 ਅਗਸਤ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਜਿੱਤ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਗਈ ਹੈ ਅਤੇ ਇਸ ਬਾਰੇ ਨੋਟਿਸ ਜਾਰੀ ਹੋ ਗਿਆ ਹੈ।

ਪਿੰਡ ਘੁਬਾਇਆ ਦੇ ਰਹਿਣ ਵਾਲੇ ਅਤੇ ਲੋਕ ਸਭਾ ਹਲਕੇ ਫਿਰੋਜ਼ਪੁਰ ਤੋਂ ਆਜ਼ਾਦ ਉਮੀਦਵਾਰ ਕਸ਼ਮੀਰ ਸਿੰਘ ਨੇ ਇਸ ਬਾਰੇ ਪਟੀਸ਼ਨ ਦਾਇਰ ਕੀਤੀ ਹੈ ਐਤ ਇਸ ਉੱਤੇ ਹਾਈ ਕੋਰਟ ਨੇ ਸੁਖਬੀਰ ਸਿੰਘ ਬਾਦਲ ਨੂੰ ਨੋਟਿਸ ਜਾਰੀ ਕਰਕੇ 29 ਅਗਸਤ 'ਤੇ ਸੁਣਵਾਈ ਕਰਨੀ ਤੈਅ ਕੀਤੀ ਹੈ। ਇਸ ਪਟੀਸ਼ਨ ਵਿੱਚ ਮੁੱਖ ਤੌਰ ਉਤੇ ਇਹ ਦੋਸ਼ ਲਾਇਆ ਗਿਆ ਹੈ ਕਿ ਪਾਰਲੀਮੈਂਟ ਚੋਣਾਂ ਦੇ ਸੱਤਵੇਂ ਪੜਾਅ ਦੇ ਦੌਰਾਨ ਫਿਰੋਜ਼ਪੁਰ ਲੋਕ ਸਭਾ ਹਲਕੇ ਵਿੱਚ 19 ਮਈ ਨੂੰ ਕੁੱਲ 11 ਲੱਖ 57 ਹਜ਼ਾਰ 142 ਵੋਟਾਂ ਪੋਲ ਹੋਈਆਂ ਸਨ, ਪਰ ਗਿਣਤੀ 11 ਲੱਖ 66 ਹਜ਼ਾਰ 717 ਵੋਟਾਂ ਦੀ ਕੀਤੀ ਗਈ ਹੈ। ਪਟੀਸ਼ਨਰ ਨੇ ਇਹ ਅੰਕੜਾ ਭਾਰਤ ਦੇ ਚੋਣ ਕਮਿਸ਼ਨ ਦੀ ਵੈਬਸਾਈਟ ਉੱਤੇ ਦਰਜ ਹੋਣ ਦਾ ਹਵਾਲਾ ਦਿੱਤਾ ਤੇ ਕਿਹਾ ਹੈ ਕਿ ਚੋਣ ਅਮਲੇ ਨੇ ਫਿਰੋਜ਼ਪੁਰ ਲੋਕ ਸਭਾ ਹਲਕੇ ਵਿਚਲੇ ਨੌਂ ਵਿਧਾਨ ਸਭਾ ਹਲਕਿਆਂ ਵਿਚਲੇ ਹਰੇਕ ਵਿਧਾਨ ਸਭਾ ਹਲਕੇ ਵਿੱਚ ਘੱਟੋ-ਘੱਟ ਪੰਜ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ ਵੀ ਐਮ) ਦੀ ਗਿਣਤੀ ਦਾ ਮਿਲਾਨ ਵੀ ਵੀ ਪੈਟ ਪਰਚੀਆਂ ਦੇ ਨਾਲ ਵੀ ਨਹੀਂ ਕਰਾਇਆ, ਜਦੋਂ ਕਿ ਸੁਪਰੀਮ ਕੋਰਟ ਨੇ ਹਰ ਇਕ ਵਿਧਾਨ ਸਭਾ ਹਲਕੇ 'ਚ ਪੰਜ ਥਾਵਾਂ ਉਤੇ ਵੀ ਵੀ ਪੈਟ ਦੇ ਮਿਲਾਨ ਦੀ ਗੱਲ ਕਹੀ ਸੀ। ਹਾਈ ਕੋਰਟ ਨੇ ਇਸ ਪਟੀਸ਼ਨ 'ਤੇ ਨੋਟਿਸ ਜਾਰੀ ਕਰਕੇ ਜਵਾਬ ਤਲਬ ਕਰ ਲਿਆ ਹੈ।

# ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵੱਲੋਂ ਮੋਗਾ ’ਚ ਮੀਟਿੰਗ



ਮੋਗਾ, 5 ਅਗਸਤ(ਗਿਆਨ ਸਿੰਘ): ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਮੁਨੱਵਰ ਮਸੀਹ ਨੇ ਜ਼ਿਲ੍ਹਾ ਮੋਗਾ ਦੇ ਪ੍ਰਸਾਸ਼ਨਿਕ ਅਧਿਕਾਰੀਆਂ ਅਲਤਬਸਨਾਲ ਜ਼ਿਲ੍ਹੇ ਅੰਦਰ ਰਹਿੰਦੇ ਘੱਟ ਗਿਣਤੀ ਵਰਗ ਦੇ ਲੋਕਾਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ ‘ਤ ਹੱਲ ਕਰਨ ਦੀ ਹਦਾਇਤ ਕੀਤੀ। ਮੀਟਿੰਗ ਦੌਰਾਨ ਮੁਨੱਵਰ ਮਸੀਹ ਦੇ ਨਾਲ ਕਮਿਸ਼ਨ ਦੇ ਮੈਂਬਰ ਅਲਬਰਟ ਦੂਆ ਅਤੇ ਭਾਈਚਾਰੇ ਦੇ ਹੋਰ ਸੀਨੀਅਰ ਮੈਂਬਰ ਵੀ ਹਾਜ਼ਰ ਸਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਮਸੀਹ ਨੇ ਜ਼ਿਲ੍ਹਾ ਪ੍ਰਸਾਸ਼ਨਿਕ ਅਧਿਕਾਰੀਆਂ ਨੂੰ ਕਿਹਾ ਕਿ ਘੱਟ ਗਿਣਤੀ ਵਰਗ ਦੇ ਲੋਕਾਂ ਦੀਆਂ ਜ਼ਰੂਰੀ ਮੰਗਾਂ ਪਹਿਲ ਦੇ ਆਧਾਰ ‘ਤੇ ਪੂਰਾ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣ। ਮੀਟਿੰਗ ਦੌਰਾਨ ਚਰਚ ਦੀ ਜ਼ਮੀਨ ਦਾ ਮੁੱਦਾ ਵੀ ਉਠਾਇਆ ਗਿਆ ਜਿਸ ਤੇ ਘੱਟ ਗਿਣਤੀ ਵਰਗ ਕਮਿਸ਼ਨ ਦੇ ਚੇਅਰਮੈਨ ਮੁਨੱਵਰ ਮਸੀਹ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਮਸਲੇ ਨੂੰ ਜਲਦ ਤੋ ਜਲਦ ਸੁਲਝਾਇਆ ਜਾਵੇ।

ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਚੇਅਰਮੈਨ ਮੁਨੱਵਰ ਮਸੀਹ ਨੂੰ ਘੱਟ ਗਿਣਤੀ ਵਰਗ ਦੇ ਲੋਕਾਂ ਨੂੰ ਆ ਰਹੀਆਂ ਮੁਸ਼ਕਿਲਾਂ ਦੇ ਨਿਪਟਾਰੇ ਲਈ ਹਰ ਸੰਭਵ ਸਹਾਇਤਾ ਕਰਨ ਦਾ ਯਕੀਨ ਦਿਵਾਇਆ। ਇਸ ਮੀਟਿੰਗ ਦੌਰਾਨ ਸੀਨੀਅਰ ਪੁਲਿਸ ਕਪਤਾਨ ਅਮਰਜੀਤ ਸਿੰਘ ਬਾਜਵਾ, ਵਧੀਕ ਡਿਪਟੀ ਕਮਿਸੰਨਰ ਜਨਰਲ ਅਨੀਤਾ ਦਰਸ਼ੀ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਰਜਿੰਦਰ ਬਤਰਾ, ਸਹਾਇਕ ਕਮਿਸ਼ਨਰ ਜਨਰਲ ਲਾਲ ਵਿਸਵਾਸ਼ ਬੈਸ, ਉਪ ਮੰਡਲ ਮੈਜਿਸਟ੍ਰੇਟ ਗੁਰਵਿੰਦਰ ਸਿੰਘ ਜੌਹਲ, ਜ਼ਿਲ੍ਹਾ ਮਾਲ ਅਫ਼ਸਰ ਗਗਨਦੀਪ ਸਿੰਘ, ਜ਼ਿਲ੍ਹਾ ਭਲਾਈ ਅਫ਼ਸਰ ਹਰਪਾਲ ਸਿੰਘ ਗਿੱਲ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਰਾਜਕਿਰਨ ਕੌਰ, ਉਪ ਪੁਲਿਸ ਕਪਤਾਨ ਪਰਮਜੀਤ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਜ਼ਿਲ੍ਹੇ ’ਚ ਅਯੂਸ਼ਮਾਨ ਭਾਰਤ-ਸਰਬੱਤ ਸਿਹਤ ਬੀਮਾ ਯੋਜਨਾ ਸਕੀਮ ਦੀ ਸ਼ੁਰੂਆਤ

**ਡਿਪਟੀ ਕਮਿਸ਼ਨਰ ਨੇ ਲਾਭਪਾਤਰੀਆਂ ਨੂੰ ਆਪਣੇ ਈ-ਕਾਰਡ 20 ਅਗਸਤ ਤੋ ਪਹਿਲਾਂ ਪਹਿਲਾਂ ਬਣਾਉਣ ਦੀ ਕੀਤੀ ਅਪੀਲ**

ਮੋਗਾ, 5 ਅਗਸਤ (ਗਿਆਨ ਸਿੰਘ): ਪੰਜਾਬ ਸਰਕਾਰ ਵੱਲੋ ਆਮ ਲੋਕਾਂ ਦੀਆਂ ਸਿਹਤ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ ਅਗਸਤ ਮਹੀਨੇ ਤੋ ਅਯੂਸ਼ਮਾਨ ਭਾਰਤ-ਸਰਬੱਤ ਸਿਹਤ ਬੀਮਾ ਯੋਜਨਾ ਦੀ ਸੁਰੂਆਤ ਕੀਤੀ ਗਈ ਹੈ।ਅਲਤਬਸ ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੋਗਾ ਸੰਦੀਪ ਹੰਸ ਨੇ ਦੱਸਿਆ ਕਿ ਅਯੂਸ਼ਮਾਨ ਭਾਰਤ-ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਲਾਭਪਤਾਰੀਆਂ ਦਾ ਪੂਰੇ ਪਰਿਵਾਰ ਸਮੇਤ 5 ਲੱਖ ਰੁਪਏ ਦਾ ਸਲਾਨਾ ਬੀਮਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਕੈਸ਼ਲੈਸ ਸਕੀਮ ਤਹਿਤ ਲਾਭਪਾਤਰੀ ਜ਼ਿਲ੍ਹੇ ਦੇ ਸਾਰੇ ਸਰਕਾਰੀ ਅਤੇ ਇੰਮਪੈਨਲਡ ਹਸਤਾਲਾਂ ਵਿੱਚ ਆਪਣਾ ਇਲਾਜ ਮੁਫ਼ਤ ਕਰਵਾ ਸਕਣਗੇ। ਉਨ੍ਹਾਂ ਦੱਸਿਆ ਇਸ ਸਕੀਮ ਤਹਿਤ ਜ਼ਿਲ੍ਹਾ ਮੋਗਾ ਦੇ ਤਕਰੀਬਨ 51 ਹਜ਼ਾਰ ਪਰਿਵਾਰਾਂ ਨੂੰ ਲਾਭ ਮਿਲੇਗਾ।

ਡਿਪਟੀ ਕਮਿਸ਼ਨਰ ਅਲਤਬਸ ਅਤੇ ਉਨ੍ਹਾਂ ਨਾਲ ਕਾਰਜਕਾਰੀ ਸਿਵਲ ਸਰਜਨ ਡਾ. ਅਰਵਿੰਦਰ ਸਿੰਘ ਗਿੱਲ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਆਪਣੇ ਈ-ਕਾਰਡ 20 ਅਸਗਤ ਤੋ ਪਹਿਲਾਂ ਪਹਿਲਾਂ ਬਣਾਉਣ ਦੀ ਅਪੀਲ ਕੀਤੀ ਤਾਂ ਜੋ ਲਾਭਪਾਤਰੀ ਇਸ ਸਕੀਮ ਦਾ ਸ਼ੁਰੂ ਹੋਣ ਤੇ ਵੱਧ ਤੋ ਵੱਧ ਫਾਇਦਾ ਉਠਾ ਸਕਣ।

ਕਾਰਜਕਾਰੀ ਸਿਵਲ ਸਰਜਨ ਡਾ. ਅਰਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਇਸ ਸਕੀਮ ਦਾ ਲਾਭ ਦਾਖਲ ਮਰੀਜ਼ਾਂ ਨੂੰ ਹੀ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਬਣਨ ਵਾਲੇ ਈ ਕਾਰਡ ਸਿਵਲ ਹਸਪਤਾਲ ਮੋਗਾ, ਕੋਟ ਈਸੇ ਖਾਂ, ਢੁੱਡੀਕੇ, ਬੱਧਨੀ ਕਲਾਂ, ਨਿਹਾਲ ਸਿੰਘ ਵਾਲਾ, ਬਾਘਾਪੁਰਾਣਾ, ਡਰੋਲੀ ਭਾਈ ਅਤੇ ਸਾਰੇ ਇੰਮਪੈਨਲਡ ਹਸਪਤਾਲਾਂ ਵਿੱਚ ਮੁਫ਼ਤ ਜਦਕਿ ਜ਼ਿਲ੍ਹੇ ਦੇ 102 ਕਾਮਨ ਸਰਵਿਸ ਸੈਟਰਾਂ ਵਿੱਚ ਇਹ ਈ ਕਾਰਡ 30 ਰੁਪਏ ਦੀ ਫੀਸ ਨਾਲ ਬਣਾਏ ਜਾ ਰਹੇ ਹਨ।

ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਜਿਸਟ੍ਰੇਸ਼ਨ ਲਈ ਲੋੜਵੰਦ ਇਨ੍ਹਾਂ ਸੈਂਟਰਾਂ ‘ਤੇ ਅਧਾਰ ਕਾਰਡ ਦੇ ਨਾਲ ਕਿਸਾਨ ‘ਜੇ‘ ਫਾਰਮ, ਛੋਟੇ ਵਪਾਰੀ ਪੈਨ ਕਾਰਡ, ਉਸਾਰੀ ਕਾਮੇ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰ ਵੈਲਫੇਅਰ ਬ ੋ ਰ ਡ (ਬੀ.ਓ.ਸੀ.ਡਬਲਯੂ.ਡਬਲਯੂ.ਬੀ.) ਵੱਲੋਂ ਜਾਰੀ ਰਜਿਸਟ੍ਰੇਸ਼ਨ ਨੰਬਰ ਅਤੇ ਨੀਲਾ ਰਾਸ਼ਨ ਕਾਰਡ ਲੈ ਕੇ ਜਾਣ। ਉਨ੍ਹਾਂ ਦੱਸਿਆ ਕਿ ਪੂਰੇ ਕਾਗਜ਼ ਹੋਣ ਤੇ ਵਿਅਕਤੀਆਂ ਨੂੰ ਈ-ਕਾਰਡ ਜਾਰੀ ਕਰ ਦਿੱਤਾ ਜਾਵੇਗਾ, ਜਿਸ ਨਾਲ ਉਹ ਇਸ ਸਕੀਮ ਦੇ ਲਾਭ ਲੈਣ ਦੇ ਯੋਗ ਹੋ ਜਾਣਗੇ।

- ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਇਸ ਸਕੀਮ ਅਧੀਨ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ 20 ਅਗਸਤ-2019 ਤੋ ਪਹਿਲਾਂ ਪਹਿਲਾਂ ਯਕੀਨੀ ਬਣਾਈ ਜਾਵੇ ਤਾਂ ਕਿ ਯੋਗ ਲਾਭਪਾਤਰੀਆਂ ਨੂੰ ਸਮੇ ਤੋ ਪਹਿਲਾਂ ਗੋਲਡਨ ਕਾਰਡ ਜਾਰੀ ਕੀਤਾ ਜਾ ਸਕੇ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਸਕੀਮ ਦੇ ਸੰਬੰਧ ਵਿੱਚ ਸਾਰੇ ਜਰੂਰੀ ਪ੍ਰਬੰਧ ਮੁਕੰਮਲ ਕਰ ਲਏ ਜਾਣ ਤਾਂ ਕਿ ਕਿਸੇ ਵੀ ਲਾਭਪਾਤਰੀ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ ਨਾ ਆਵੇ। ਅਲਤਬਸਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਸੂਬੇ ਦੇ 43 ਲੱਖ 18 ਹਜ਼ਾਰ ਪਰਿਵਾਰਾਂ ਨੂੰ ਲਾਭ ਮਿਲੇਗਾ, ਜੋ ਕਿ ਰਾਜ ਦੀ ਅਬਾਦੀ ਦਾ 70 ਪ੍ਰਤੀਸ਼ਤ ਬਣਦਾ ਹੈ। ਉਨ੍ਹਾਂ ਕਿਹਾ ਕਿ ਇਹ ਸਕੀਮ ਸੂਬੇ ਦੇ ਲੋਕਾਂ ਦੀ ਭਲਾਈ ਲਈ ਬੇਹੱਦ ਫਾਇਦੇਮੰਦ ਹੋਵੇਗੀ ਅਤੇ ਲੋਕ ਸੁਰੱਖਿਅਤ ਜੀਵਨ ਬਤੀਤ ਕਰ ਸਕਣਗੇ।

# ਪੰਜਾਬ ਅਸੈਂਬਲੀ ਵਿੱਚ ਅਕਾਲੀ ਵਿਧਾਇਕਾਂ ਦੀ ਅਗਵਾਈ ਬਦਲ ਦਿੱਤੀ ਗਈ

ਚੰਡੀਗੜ੍ਹ, 5 ਅਗਸਤ, (ਪੋਸਟ ਬਿਊਰੋ)- ਅਕਾਲੀ ਦਲ ਨਾਲ ਨਾਰਾਜ਼ ਹੋ ਕੇ ਵੱਖਰੇ ਚੱਲ ਰਹੇ ਸੁਖਦੇਵ ਸਿੰਘ ਢੀਂਡਸਾ ਦੇ ਪੁੱਤਰ ਤੇ ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਪੰਜਾਬ ਵਿਧਾਨ ਸਭਾ ਵਿੱਚ ਅਕਾਲੀ ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ ਹੈ। ਮਈ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਪਾਰਲੀਮੈਂਟ ਮੈਂਬਰ ਬਣਨ ਪਿੱਛੋਂ ਵਿਧਾਨ ਸਭਾ ਵਿਚ ਪਾਰਟੀ ਦੀ ਅਗਵਾਈ ਦਾ ਮੁੱਦਾ ਬੜੇ ਚਿਰ ਤੋਂ ਲਟਕ ਰਿਹਾ ਸੀ, ਪਰ ਅੱਜ ਕੀਤੇ ਇਸ ਫੈਸਲੇ ਦੇ ਬਾਅਦ ਵਿਧਾਇਕਾਂ ਦੀ ਅਗਵਾਈ ਪਰਮਿੰਦਰ ਸਿੰਘ ਢੀਂਡਸਾ ਨੂੰ ਦੇ ਦਿੱਤੀ ਗਈ ਹੈ। ਅੱਜ ਸ਼ੁੱਕਰਵਾਰ ਨੂੰ ਅਕਾਲੀ ਦਲ ਦੇ ਵਿਧਾਇਕਾਂ ਦੀ ਮੀਟਿੰਗ ਵਿਚ ਪਰਮਿੰਦਰ ਸਿੰਘ ਢੀਂਡਸਾ ਨੂੰ ਸਰਬ ਸੰਮਤੀ ਨਾਲ ਵਿਧਾਨ ਸਭਾ ਵਿੱਚ ਅਕਾਲੀ ਵਿਧਾਇਕ ਦਲ ਦਾ ਨੇਤਾ ਚੁਣ ਲਿਆ ਗਿਆ। ਉਨ੍ਹਾਂ ਦਾ ਨਾਂਅ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪੇਸ਼ ਕੀਤਾ ਤੇ ਸਾਰੇ ਵਿਧਾਇਕਾਂ ਨੇ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ। ਇਸੇ ਦੌਰਾਨ ਆਦਮਪੁਰ ਤੋਂ ਵਿਧਾਇਕ ਪਵਨ ਕੁਮਾਰ ਟੀਨੂੰ ਨੂੰ ਪਾਰਟੀ ਦਾ ਡਿਪਟੀ ਆਗੂ ਤੇ ਜ਼ੀਰਕਪੁਰ ਦੇ ਵਿਧਾਇਕ ਐੱਨ ਕੇ ਸ਼ਰਮਾ ਨੂੰ ਚੀਫ ਵਿੱਪ੍ਹ ਚੁਣਿਆ ਗਿਆ ਹੈ। ਵਰਨਣ ਯੋਗ ਹੈ ਕਿ ਪਰਮਿੰਦਰ ਸਿੰਘ ਢੀਂਡਸਾ ਇਸ ਤੋਂ ਪਹਿਲਾਂ ਵਿਧਾਨ ਸਭਾ ਵਿੱਚ ਪਾਰਟੀ ਦੇ ਡਿਪਟੀ ਲੀਡਰ ਤੇ ਸੁਖਬੀਰ ਸਿੰਘ ਬਾਦਲ ਵਿਧਾਇਕ ਦਲ ਦੇ ਨੇਤਾ ਸਨ। ਇਸ ਦੌਰਾਨ ਅਕਾਲੀ ਸੂਤਰਾਂ ਦਾ ਕਹਿਣਾ ਹੈ ਕਿ ਪਰਮਿੰਦਰ ਸਿੰਘ ਢੀਂਡਸਾ ਨੂੰ ਵਿਧਾਇਕ ਦਲ ਦਾ ਨੇਤਾ ਬਣਾਏ ਜਾਣ ਦਾ ਫ਼ੈਸਲਾ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਕਹਿਣ ਉੱਤੇ ਕੀਤਾ ਗਿਆ ਤੇ ਢੀਂਡਸਾ ਦੇ ਨਾਂ ਦੀ ਸਿਫਾਰਸ਼ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਬੀਤੇ ਦਿਨੀਂ ਵੱਡੇ ਬਾਦਲ ਨੂੰ ਕੀਤੀ ਸੀ।

# ਨਵੀਆਂ ਕਾਰਾਂ ਆਸਾਨੀ ਨਾਲ ਹੈਕ ਹੋਣ ਦਾ ਖਦਸ਼ਾ

ਲਾਸ ਏਂਜਲਸ, 3 ਅਗਸਤ (ਪੋਸਟ ਬਿਊਰੋ)- ਇਕ ਅਮਰੀਕੀ ਖਪਤਕਾਰ ਅਧਿਕਾਰ ਸਰੁੱਖਿਆ ਗਰੁੱਪ ਨੇ ਚੇਤਾਵਨੀ ਦਿੱਤੀ ਹੈ ਕਿ ਕਾਰ ਨਿਰਮ-ਾਤਾ ਇਹੋ ਜਿਹੀਆਂ ਕਾਰਾਂ ਬਣਾ ਰਹੇ ਹਨ, ਜੋ ਆਸਾਨੀ ਨਾਲ ਹੈਕ ਹੋ ਸਕਦੀਆਂ ਹਨ ਤੇ ਇਨ੍ਹਾਂ ਉੱਤੇ ਵੱਡੇ ਪੈਮਾਨੇ 'ਤੇ ਸਾਈਬਰ ਹਮਲਾ ਹੋਣ ਦੀ ਸਥਿਤੀ ਵਿੱਚ ਹਜ਼ਾਰਾਂ ਲੋਕਾਂ ਦੀ ਜਾਨ ਜਾ ਸਕਦੀ ਹੈ।



‘ਕਿਲ ਸਵਿਚ-ਵ੍ਹਾਏ ਕਨੈਕਟੇਡ ਕਰਾਸ ਕੈਨ ਬੀ ਕਿਲਿੰਗ ਮਸ਼ੀਨਸ ਐਂਡ ਹਾਓ ਟੂ ਟਰਨ ਦੈਮ ਆਫ' ਸਿਰਲੇਖ ਨਾਲ ਛਪੀ ਨਵੀਂ ਰਿਪੋਰਟ ਵਿੱਚ ਲਾਸ ਏਂਜਲਸ ਦੇ ‘ਕੰਜ਼ਿਊਮਰ ਵਾੱਚ ਡੌਗ' ਨੇ ਕਿਹਾ ਹੈ ਕਿ ਕਾਰ ਨੂੰ ਇੰਟਰਨੈਟ ਨਾਲ ਜੋੜਨ ਦਾ ਰਿਵਾਜ ਪੈ ਗਿਆ ਹੈ, ਪਰ ਇਸ ਨਾਲ ਰਾਸ਼ਟਰੀ ਸੁਰੱਖਿਆ ਨੂੰ ਖਤਰਾ ਪੈਦਾ ਹੁੰਦਾ ਹੈ। ਰਿਪੋਰਟ ਦੇ ਮੁਤਾਬਕ ਉਦਯੋਗਿਕ ਤਕਨੀਕਾਂ ਦੀ ਪਰੇਸ਼ਾਨੀ ਇਹ ਹੈ ਕਿ ਇਨ੍ਹਾਂ ਵਾਹਨਾਂ ਦੀ ਅਹਿਮ ਸੁਰੱਖਿਆ ਪ੍ਰਣਾਲੀ ਬਿਨਾ ਪੂਰੀ ਸੁਰੱਖਿਆ ਦੇ ਇੰਟਰਨੈਟ ਨਾਲ ਜੁੜੀ ਹੈ। ਸਾਈਬਰ ਹਮਲੇ ਦੀ ਸਥਿਤੀ ਵਿੱਚ ਕਾਰ ਦੀ ਸੁਰੱਖਿਆ ਪ੍ਰਣਾਲੀ ਨੂੰ ਇੰਟਰਨੈਟ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਸ ਵਿੱਚ ਕਿਹਾ ਗਿਆ ਹੈ ਕਿ ਉਦਯੋਗ ਵਰਕਰਾਂ ਨੂੰ ਇਸ ਖਤਰੇ ਦਾ ਪਤਾ ਹੈ, ਇਸ ਦੇ ਬਾਵਜੂਦ ਉਹ ਇਸ ਤਕਨੀਕ ਨੂੰ ਨਵੇਂ ਵਾਹਨਾਂ ਵਿੱਚ ਲਾ ਰਹੇ ਹਨ ਅਤੇ ਸੁਰੱਖਿਆ ਦੇ ਅੱਗੇ ਮੁਨਾਫੇ ਨੂੰ ਪਹਿਲ ਦੇ ਰਹੇ ਹਨ। ਇਹ ਰਿਪੋਰਟ ਕਾਰ ਉਦਯੋਗ ਵਿੱਚ ਕਾਰਜਕਾਰੀ 20 ਵ੍ਹਿਸਲ ਬਲੋਅਰ ਨਾਲ ਮਿਲ ਕੇ ਪੰਜ ਮਹੀਨੇ ਤੱਕ ਕੀਤੇ ਅਧਿਐਨ ਉਤੇ ਆਧਾਰਿਤ ਹੈ। ਕਾਰ ਉਦਯੋਗਾਂ ਦੇ ਤਕਨੀਕ ਮਾਹਰਾਂ ਦੇ ਸਮੂਹ ਦਾ ਮੰਨਣਾ ਹੈ ਕਿ ਸਭ ਤੋਂ ਬਿਜ਼ੀ ਸਮੇਂ ਵਿੱਚ ਕੇਵਲ ਇਕ ਘੰਟੇ ਤੱਕ ਕਾਰ ਦੇ ਬੇੜੇ ਨੂੰ ਹੈਕ ਕਰਨ ਦੀ ਸਥਿਤੀ ਵਿੱਚ ਕਰੀਬ ਤਿੰਨ ਹਜ਼ਾਰ ਲੋਕਾਂ ਦੀ ਮੌਤ ਹੋ ਸਕਦੀ ਹੈ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

ਸੰਤ ਰਾਮਪਾਲ ਜੀ ਮਹਾਰਾਜ ਰੂਹਾਨੀ ਵਿਚਾਰ ਲਈ ਬਰੈਂਪਟਨ ਆ ਰਹੇ ਹਨ
Sunday, September 1, 2019 from 10am to 12pm
Venue: 31 Kilkarrin Rd, Brampton, ON L7A 4C6

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Office: 905-488-2100 Ext. 348

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

# ਇਸ ਵਕਤ ਦਾਅ ਉੱਤੇ ਲੱਗੀ ਹੋਈ ਹੈ 'ਧਰਮ ਨਿਰਪੱਖਤਾ'

ਜਤਿੰਦਰ ਪੰਨੂ

ਸਾਰੇ ਲੋਕ ਜਾਣਦੇ ਹਨ ਕਿ ਭਾਰਤ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਲਈ ਆਮ ਚੋਣਾਂ ਅਜੇ ਢਾਈ ਕੁ ਮਹੀਨੇ ਪਹਿਲਾਂ ਕਰਵਾਈਆਂ ਗਈਆਂ ਸਨ। ਅਗਲੀਆਂ ਚੋਣਾਂ ਵਿੱਚ ਪੌਣੇ ਪੰਜ ਸਾਲ ਰਹਿੰਦੇ ਹਨ। ਜਦੋਂ ਏਨਾ ਲੰਮਾ ਸਮਾਂ ਪਿਆ ਹੋਵੇ ਤਾਂ ਸਰਕਾਰ ਨੂੰ ਕਿਸੇ ਤਰ੍ਹਾਂ ਦੀ ਕਾਹਲੀ ਨਹੀਂ ਹੋ ਸਕਦੀ, ਫਿਰ ਵੀ ਪਿਛਲੇ ਦਿਨਾਂ ਵਿੱਚ ਜਿਸ ਤਰ੍ਹਾਂ ਕਾਹਲੀ ਨਾਲ ਕੁਝ ਬਿੱਲ ਪੇਸ਼ ਕੀਤੇ ਤੇ ਪਾਸ ਕਰਵਾਏ ਗਏ ਹਨ, ਉਨ੍ਹਾਂ ਨਾਲ ਬਹੁਤ ਸਾਰੇ ਲੋਕ ਹੈਰਾਨ ਹੋਏ ਹਨ। ਸਰਕਾਰ ਇਹ ਗੱਲ ਮਈ ਵਿੱਚ ਚੋਣ ਜਿੱਤਣ ਵੇਲੇ ਹੀ ਕਹਿ ਚੁੱਕੀ ਹੈ ਕਿ ਦਹਿਸ਼ਤਗਰਦੀ ਦੇ ਸਵਾਲ ਉੱਤੇ ਇਸ ਤੋਂ ਬਾਅਦ ਕਿਸੇ ਤਰ੍ਹਾਂ ਦੀ ਕੋਈ ਕਸਰ ਨਹੀਂ ਰਹਿਣ ਦੇਣੀ ਅਤੇ ਇਸ ਪੱਖ ਤੋਂ ਉਸ ਦੀ ਨੀਤੀ 'ਜ਼ੀਰੋ ਟਾਲਰੈਂਸ' ਵਾਲੀ ਹੋਵੇਗੀ, ਇਸ ਕਰ ਕੇ ਜਦੋਂ ਉਸ ਨੇ ਇਸ ਬਾਰੇ ਬਿੱਲ ਪੇਸ਼ ਕੀਤਾ ਤਾਂ ਕਿਸੇ ਨੂੰ ਹੈਰਾਨੀ ਨਹੀਂ ਸੀ ਹੋਣੀ ਚਾਹੀਦੀ। ਦੋਵਾਂ ਹਾਊਸਾਂ ਤੋਂ ਇਹੀ ਬਿੱਲ ਪਾਸ ਨਹੀਂ ਕਰਵਾਇਆ ਗਿਆ, ਬਹੁਤ ਚਿਰਾਂ ਤੋਂ ਸੰਘ ਪਰਵਾਰ ਤੇ ਉਸ ਦੀ ਸਿਆਸੀ ਧਿਰ ਭਾਜਪਾ ਵੱਲੋਂ ਐਲਾਨ ਕੀਤਾ ਜਾ ਰਿਹਾ ਇਹ ਮਾਮਲਾ ਵੀ ਸਿਰੇ ਲਾ ਦਿੱਤਾ ਗਿਆ ਕਿ ਮੁਸਲਿਮ ਸਮਾਜ ਵਿੱਚੋਂ ਤਿੰਨ ਤਲਾਕ ਦੀ ਰਿਵਾਇਤ ਖਤਮ ਕਰ ਦੇਣੀ ਹੈ। ਇਸ ਨੂੰ ਉਨ੍ਹਾਂ ਨੇ ਮੁਸਲਿਮ ਔਰਤਾਂ ਲਈ ਇਨਸਾਫ ਦਾ ਕਦਮ ਕਿਹਾ ਹੈ, ਪਰ ਕੇਰਲ ਵਿੱਚ ਹਿੰਦੂ ਧਰਮ ਦੀਆਂ ਔਰਤਾਂ ਨੂੰ ਸਾਬਰੀਮਾਲਾ ਮੰਦਰ ਵਿੱਚ ਦਾਖਲਾ ਦਿਵਾਉਣ ਦੇ ਸੁਪਰੀਮ ਕੋਰਟ ਦੇ ਹੁਕਮ ਦੇ ਵਿਰੁੱਧ ਭਾਜਪਾ ਲੀਡਰ ਉਲਟਾ ਪੈਂਤੜਾ ਮੱਲਦੇ ਰਹੇ ਸਨ। ਅਗਲੀ ਗੱਲ ਉਹ ਭਾਰਤ ਦੇ ਸਾਰੇ ਲੋਕਾਂ ਲਈ ਇੱਕੋ ਜਿਹਾ ਸਿਵਲ ਕੋਡ ਬਣਾਉਣ ਅਤੇ ਜੰਮੂ-ਕਸ਼ਮੀਰ ਦੀਆਂ ਦੋ ਵਿਸ਼ੇਸ਼ ਧਾਰਾਵਾਂ ਨੂੰ ਖਤਮ ਕਰਨ ਦੀ ਬਿਨਾਂ ਝਿਜਕ ਕਹਿੰਦੇ ਹਨ। ਸੂਚਨਾ ਦੇ ਅਧਿਕਾਰ ਦਾ ਸੋਧ ਬਿੱਲ ਵੀ ਇਸੇ ਕਾਹਲੀ ਵਿੱਚ ਪਾਸ ਕਰਵਾ ਦਿੱਤਾ ਗਿਆ ਹੈ, ਹਾਲਾਂਕਿ ਇਸ ਦਾ ਭਾਜਪਾ ਜਾਂ ਸੰਘ ਪਰਵਾਰ ਦੀ ਕਿਸੇ ਪੁਰਾਣੀ ਧਾਰਨਾ ਨਾਲ ਸੰਬੰਧ ਨਹੀਂ ਸੀ, ਪਰ ਸਰਕਾਰ ਸਮਝਦੀ ਸੀ ਕਿ ਸੂਚਨਾ ਅਧਿਕਾਰ ਕਮਿਸ਼ਨ ਦੇ ਅਧਿਕਾਰਾਂ ਦੇ ਨਾਲ ਉਸ ਨੂੰ ਕਈ ਗੱਲਾਂ ਦਾ ਜਵਾਬ ਨਾ ਚਾਹੁੰਦੇ ਹੋਏ ਵੀ ਦੇਣਾ ਪੈਂਦਾ ਹੈ। ਇਹ ਕੰਮ ਕੁਝ ਰੁਕ ਕੇ ਵੀ ਹੋ ਸਕਦਾ ਸੀ, ਪਰ ਜਿਹੜੀ ਕਾਹਲੀ ਇਸ ਵਕਤ ਵਿਖਾਈ ਗਈ ਹੈ, ਉਸ ਵਿੱਚ ਇਹ ਕੰਮ ਵੀ ਲੱਗੇ ਹੱਥ ਕਰ ਦਿੱਤਾ ਗਿਆ ਅਤੇ ਜੱਲ੍ਹਿਆਂਵਾਲਾ ਬਾਗ ਦੇ ਟਰੱਸਟ ਵਿੱਚੋਂ ਕਾਂਗਰਸ ਪਾਰਟੀ ਨੂੰ ਕੱਢਣ ਲਈ ਵੀ ਦੇਰੀ ਨਹੀਂ ਕੀਤੀ ਗਈ।

ਇਸ ਸਾਰੇ ਕੁਝ ਵਿੱਚੋਂ ਇੱਕੋ ਗੱਲ ਨਿਕਲਦੀ ਹੈ ਕਿ ਕੋਈ ਵੱਡੀ ਚੋਣ ਸਿਰ ਉੱਤੇ ਨਾ ਹੋਣ ਦੇ ਬਾਵਜੂਦ ਸਰਕਾਰ ਚਲਾ ਰਹੀ ਭਾਜਪਾ ਲੀਡਰਸ਼ਿਪ ਇਹ ਸਮਝਦੀ ਹੋ ਸਕਦੀ ਹੈ ਕਿ ਏਨੀਆਂ ਕੁ ਚੋਟਾਂ ਇੱਕੋ ਵਾਰ ਕਰ ਦਿੱਤੀਆਂ ਜਾਣ ਨਾਲ ਹਰ ਕਿਸੇ ਨੂੰ ਇਹ ਸੰਦੇਸ਼ ਚਲਾ ਜਾਵੇਗਾ ਕਿ ਰਸਤਾ ਕੱਟਣ ਦੇ ਦਿਨ ਨਹੀਂ ਰਹਿ ਗਏ। ਇਹ ਕੰਮ ਕਰਨ ਲਈ ਭਾਜਪਾ ਲੀਡਰਸ਼ਿਪ ਨੂੰ ਲਗਭਗ ਕਾਮਯਾਬੀ ਮਿਲ ਚੁੱਕੀ ਹੈ ਤੇ ਇਸ ਦਾ ਨਤੀਜਾ ਵੀ ਸਭ ਦੇ ਸਾਹਮਣੇ ਹੈ। ਆਮ ਪ੍ਰਭਾਵ ਇਹ ਹੈ ਕਿ ਕੋਈ ਜਹਾਜ਼ ਡੁੱਬਦਾ ਵੇਖ ਕੇ ਪਹਿਲੀਆਂ ਛਾਲਾਂ ਚੂਹੇ ਮਾਰਿਆ ਕਰਦੇ ਹਨ, ਪਰ ਇਨ੍ਹਾਂ ਕੁਝ ਬਿੱਲਾਂ ਦੇ ਪੇਸ਼ ਅਤੇ ਪਾਸ ਹੋਣ ਨਾਲ ਜਿਹੜਾ ਮਾਹੌਲ ਬਣ ਗਿਆ ਹੈ, ਇਸ ਵਿੱਚ ਆਪਣੇ ਆਪ ਨੂੰ ਸ਼ੇਰ ਕਹਿਣ ਵਾਲੇ ਵੀ ਆਪਣੇ ਚਿਹਰੇ ਲਟਕਾਈ ਇਸ ਵਕਤ ਭਾਜਪਾ ਜਾਂ ਸੰਘ ਪਰਵਾਰ ਦੇ ਦਫਤਰਾਂ ਵੱਲ ਤੁਰੇ ਜਾਂਦੇ ਦਿਖਾਈ ਦੇਂਦੇ ਹਨ। ਅਟਲ ਬਿਹਾਰੀ ਵਾਜਪਾਈ ਦੇ ਵਕਤ ਉਨ੍ਹਾਂ ਦੇ ਸਿਆਸੀ ਸੈਨਾਪਤੀ ਪ੍ਰਮੋਦ ਮਹਾਜਨ ਨੇ ਪਹਿਲੀ ਵਾਰ ਇਹ ਗੱਲ ਕਹੀ ਸੀ ਕਿ ਜਿਸ ਕਿਸੇ ਕੋਲ ਕੋਈ ਵੀ ਰੁਤਬਾ ਹੈ, ਸਮਾਜ ਵਿੱਚ ਵੱਕਾਰ ਹੈ ਜਾਂ ਕੋਈ ਹੋਰ ਗਿਣਨ ਯੋਗ ਹੈਸੀਅਤ ਹੈ, ਭਾਵੇਂ ਮਾਇਆ ਪੱਖੋਂ ਹੀ ਹੋਵੇ, ਭਾਜਪਾ ਦੀ ਤਾਕਤ ਵਧਾਉਣ ਲਈ ਉਸ ਦਾ ਸਵਾਗਤ ਹੈ, ਉਸ ਨੂੰ ਯੋਗ ਸਥਾਨ ਮਿਲੇਗਾ। ਅੱਜ ਦੇ ਬਦਲੇ ਹੋਏ ਸਮੇਂ ਵਿੱਚ ਜਦੋਂ ਸਾਰੇ ਰਾਜਾਂ ਵਿੱਚੋਂ ਵਿਧਾਇਕ ਅਤੇ ਕੁਝ ਪਾਰਲੀਮੈਂਟ ਮੈਂਬਰ ਵੀ ਆਪਣੇ ਅਸਤੀਫੇ ਦੇ ਕੇ ਭਾਜਪਾ ਵੱਲ ਭਾਜੜ ਜਿਹੀ ਦੇ ਰੌਂਅ ਵਿੱਚ ਆਈ ਜਾਦੇ ਹਨ, ਇਸ ਨਵੀਂ ਸਥਿਤੀ ਵਿੱਚ ਆਰ ਐੱਸ ਐੱਸ ਦੇ ਮੁਖੀ ਨੇ ਆਪਣੀ ਧਿਰ ਦੀ ਸਵੱਛਤਾ ਦਾ ਭਰਮ ਰੱਖਣ ਲਈ ਦੂਸਰਾ ਗੇਅਰ ਲਾ ਕੇ ਨਵੀਂ ਗੱਲ ਕਹਿ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਜਿਹੜੇ ਲੋਕ ਕਿਸੇ ਝਾਕ ਵਿੱਚ ਆ ਰਹੇ ਹਨ, ਉਹ ਇਹੋ ਜਿਹੀ ਝਾਕ ਰੱਖਣੀ ਛੱਡ ਦੇਣ। ਭਾਜਪਾ ਵੱਲ ਲੀਡਰਾਂ ਦੇ ਜਾਣ ਦਾ ਵਹਿਣ ਫਿਰ ਵੀ ਰੁਕਿਆ ਨਹੀਂ। ਝਾਕ ਲੱਥਣ ਦੇ ਬਾਵਜੂਦ ਇਹ ਵਹਿਣ ਨਾ ਰੁਕਣ ਦਾ ਕਾਰਨ ਭਾਰਤੀ ਰਾਜਨੀਤੀ ਵਿੱਚ ਬਣਿਆ ਇਹ ਪ੍ਰਭਾਵ ਹੈ ਕਿ ਭਾਜਪਾ ਦੇ ਗੁੰਦਵੇਂ ਨੈੱਟਵਰਕ ਦਾ ਮੁਕਾਬਲਾ ਕਰਨਾ ਸੌਖਾ ਨਹੀਂ ਰਹਿ ਗਿਆ ਅਤੇ ਓਧਰ ਜਾਣ ਵਿੱਚ ਹੀ ਭਲਾ ਹੈ।

ਕਈ ਲੋਕਾਂ ਦਾ ਇਹ ਖਿਆਲ ਹੈ ਕਿ ਇਸ ਤਰ੍ਹਾਂ ਦੇ ਹਾਲਾਤ ਬਣਨ ਪਿੱਛੋਂ ਭਾਰਤ ਵਿੱਚ ਕੁਝ ਸਮੱਸਿਆ ਹੱਲ ਹੋਣ ਦੀ ਆਸ ਵੀ ਹੋ ਸਕਦੀ ਹੈ, ਪਰ ਇਹ ਵੀ ਡਰ ਹੈ ਕਿ ਭਾਰਤੀ ਸਮਾਜ ਨਵੇਂ ਕਿਸਮ ਦੀਆਂ ਸਮੱਸਿਆਵਾਂ ਵਿੱਚ ਘਿਰਨ ਦੇ ਰਾਹ ਪੈ ਜਾਵੇ। ਸਭ ਤੋਂ ਵੱਡਾ ਖਦਸ਼ਾ ਇਸ ਗੱਲ ਤੋਂ ਹੈ ਕਿ ਸੰਸਾਰ ਦੀ ਮਹਾਂਸ਼ਕਤੀ ਗਿਣੇ ਜਾਂਦੇ ਅਮਰੀਕਾ ਦਾ ਮੁਖੀ ਇਸ ਵਕਤ ਕੋਈ ਓਹਲਾ ਰੱਖੇ ਬਿਨਾਂ ਦੋ ਗੱਲਾਂ ਨੂੰ ਲੈ ਕੇ ਆਪਣੀ ਅਗਲੇ ਸਾਲ ਦੀ ਚੋਣ ਮੁਹਿੰਮ ਚਲਾ ਰਿਹਾ ਹੈ। ਇੱਕ ਤਾਂ ਉਸ ਦੀ ਆਪਣੇ ਦੇਸ਼ ਵਿਚਲੇ ਕੱਟੜਪੰਥੀਆਂ ਨੂੰ ਆਪਣੇ ਪੱਖ ਵਿੱਚ ਕਰਨ ਤੇ ਇਸ ਮੌਕੇ ਦੂਸਰੀ ਧਿਰ ਦੇ ਵਿਰੁੱਧ ਉਕਸਾਉਣ ਦੀ ਉਸੇ ਤਰ੍ਹਾਂ ਦੀ ਨੀਤੀ ਹੈ, ਜਿਸ ਤਰ੍ਹਾਂ ਦੀ ਭਾਰਤ ਵਿੱਚ ਭਾਜਪਾ ਨੇ ਅਪਣਾ ਕੇ ਉਸ ਦਾ ਲਾਹਾ ਲਿਆ ਸੀ। ਇਜ਼ਰਾਈਲ ਦੇ ਕਈ ਸਕੈਂਡਲਾਂ ਵਿੱਚ ਫਸੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵੀ ਇਹੋ ਦਾਅ ਵਰਤਿਆ ਤੇ ਉਸ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀਆਂ ਤਸਵੀਰਾਂ ਓਵੇਂ ਹੀ ਵਰਤੀਆਂ, ਜਿਵੇਂ ਭਾਰਤ ਵਿੱਚ ਭਾਜਪਾ ਲੀਡਰਸ਼ਿਪ ਨੇ ਕਈ ਵਾਰ ਵਿਦੇਸ਼ੀ ਨੇਤਾਵਾਂ ਦੀਆਂ ਤਸਵੀਰਾਂ ਵਰਤੀਆਂ ਹਨ। ਨੇਤਨਯਾਹੂ ਤੇ ਜਾਪਾਨ ਦਾ ਸ਼ਿੰਜੋ ਅਬੇ ਜਿਵੇਂ ਚੋਣਾਂ ਦੀ ਚੜ੍ਹਤ ਬਣਾਉਣ ਵਿੱਚ ਕਾਮਯਾਬ ਰਹੇ ਹਨ, ਉਸ ਨਾਲ ਸੰਸਾਰ ਰਾਜਨੀਤੀ ਵਿੱਚ ਚਰਚਾ ਚੱਲ ਪਈ ਹੈ ਕਿ ਅਗਲੇ ਸਾਲ ਅਮਰੀਕੀ ਰਾਸ਼ਟਰਪਤੀ ਦੀ ਦੋਬਾਰਾ ਚੋਣ ਲਈ ਡੋਨਾਲਡ ਟਰੰਪ ਦੀ ਚੋਣ ਮੁਹਿੰਮ ਵੀ ਭਾਰਤੀ ਚੋਣ ਮੁਹਿੰਮ ਦਾ ਦੁਹਰਾਓ ਹੋ ਸਕਦੀ ਹੈ। ਲੱਗਦਾ ਹੈ ਕਿ ਭਾਰਤੀ ਚੋਣ ਪ੍ਰਬੰਧ ਦੀ ਲਾਗ ਸੰਸਾਰ ਵਿੱਚ ਫੈਲਣ ਲੱਗੀ ਹੈ।

ਫਿਰ ਵੀ ਜਿਹੜੇ ਪਾਸੇ ਨੂੰ ਕਸ਼ਮੀਰ ਦੀਆਂ ਘਟਨਾਵਾਂ ਦਾ ਵਹਿਣ ਤੁਰ ਪਿਆ ਹੈ, ਅਸੀਂ ਇਹ ਨਹੀਂ ਕਹਿ ਸਕਦੇ ਕਿ ਅਗਲਾ ਸਮਾਂ ਕਿੱਦਾਂ ਦਾ ਹੋਵੇਗਾ, ਪਰ ਇਹ ਗੱਲ ਕਹੀ ਜਾ ਸਕਦੀ ਹੈ ਕਿ ਹਾਲਾਤ ਪਹਿਲਾਂ ਵਾਲੇ ਨਹੀਂ ਰਹਿ ਜਾਣੇ ਤੇ ਸਖਤੀ ਦਾ ਉਹ ਦੌਰ ਸ਼ੁਰੂ ਹੋਣ ਵਾਲਾ ਹੈ, ਜਿਸ ਦਾ ਕਿਸੇ ਨੂੰ ਕਦੇ ਸੁਫਨਾ ਨਹੀਂ ਆਇਆ ਹੋਣਾ। ਅਸੀਂ ਇਸ ਰਾਜਨੀਤੀ ਨਾਲ ਸਹਿਮਤ ਹੋਈਏ ਜਾਂ ਨਾ, ਇਹ ਸਾਡੀ ਮਰਜ਼ੀ ਦਾ ਮਾਮਲਾ ਹੈ, ਪਰ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਕਸ਼ਮੀਰ ਦੇ ਨਾਂਅ ਉੱਤੇ ਉਸ ਰਾਜ ਵਿੱਚ ਜਿੰਦਾਂ ਦੀ ਰਾਜਨੀਤੀ ਓਥੇ ਅਬਦੁੱਲਾ ਅਤੇ ਮੁਫਤੀ ਪਰਵਾਰ ਕਰਦੇ ਰਹੇ ਸਨ, ਕਿਸੇ ਦਿਨ ਇਹ ਕੁਝ ਹੋਣਾ ਹੀ ਸੀ। ਉਹ ਕੁਰਸੀ ਮਿਲਦੀ ਵੇਖ ਕੇ ਦਿੱਲੀ ਨਾਲ ਸਾਂਝ ਦੀਆਂ ਗੱਲਾਂ ਕਰਦੇ ਰਹੇ ਤੇ ਕੁਰਸੀ ਛੁੱਟਣ ਦਾ ਸੁਫਨਾ ਆਉਂਦੇ ਸਾਰ ਦੇਸ਼ ਤੋੜਨ ਵਾਲਿਆਂ ਦੀ ਹਾਂ ਵਿੱਚ ਹਾਂ ਮਿਲਾਉਣ ਲੱਗ ਜਾਂਦੇ ਰਹੇ ਸਨ। ਉਨ੍ਹਾਂ ਦੀ ਦੋ ਬੇੜੀਆਂ ਉੱਤੇ ਸਵਾਰ ਹੋਣ ਦੀ ਰਾਜਨੀਤੀ ਨੇ ਉਨ੍ਹਾਂ ਨੂੰ ਵੀ ਚੌਰਾਹੇ ਵਿੱਚ ਖੜਾ ਕਰ ਦਿੱਤਾ ਹੈ ਤੇ ਉਸ ਰਾਜ ਦੇ ਲੋਕਾਂ ਦਾ ਨਸੀਬ ਵੀ ਨਵੇਂ ਵਿਸਵਿਸਿਆਂ ਨਾਲ ਇਸ ਤਰ੍ਹਾਂ ਭਰ ਦਿੱਤਾ ਹੈ ਕਿ ਉਸ ਤੋਂ ਛੇਤੀ ਖਲਾਸੀ ਨਹੀਂ ਮਿਲ ਸਕਣੀ। ਉਹ ਦਿਨ ਪਿੱਛੇ ਰਹਿ ਗਏ ਹਨ, ਜਦੋਂ ਦਿੱਲੀ ਨੂੰ ਅੱਖਾਂ ਵਿਖਾਈਆਂ ਨਾਲ ਕਦੀ ਕੇਂਦਰ ਦੀ ਵਜ਼ੀਰੀ ਅਤੇ ਕਦੇ ਇਸ ਰਾਜ ਦੀ ਗੱਦੀ ਮਿਲ ਸਕਣ ਦੀ ਆਸ ਹੁੰਦੀ ਸੀ। ਐਸ ਵੇਲੇ ਇਹ ਦੇਸ਼ ਉਸ ਦੌਰ ਵਿੱਚ ਦਾਖਲ ਹੋ ਚੁੱਕਾ ਹੈ, ਜਿੱਥੇ ਇੱਕ ਡਿਲਿਵਰੀ ਬੁਆਏ ਦਾ ਲਿਆਂਦਾ ਖਾਣਾ ਵੀ ਇੱਕ ਹਿੰਦੂ ਕਸਟਮਰ ਨੇ ਲੈਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਹੈ ਕਿ ਡਿਲਿਵਰੀ ਬੁਆਏ ਮੇਰੇ ਧਰਮ ਦਾ ਵਿਅਕਤੀ ਨਹੀਂ। ਜਿਹੜੀ ਧਰਮ ਨਿਰਪੱਖਤਾ ਇਨ੍ਹਾਂ ਦੋ ਪਰਵਾਰਾਂ ਦੇ ਹਜ਼ਾਰ ਨੁਕਸ ਗਿਣਾਉਣ ਦੇ ਬਾਅਦ ਵੀ ਇਹ ਕਹਿ ਕੇ ਇਨ੍ਹਾਂ ਨੂੰ ਮੌਕਾ ਦੇਣ ਦੀ ਗੱਲ ਕਰਦੀ ਸੀ ਕਿ ਸ਼ਾਇਦ ਇਸ ਵਿੱਚੋਂ ਕੋਈ ਭਲਾ ਨਿਕਲ ਆਵੇ, ਉਹ ਧਰਮ ਨਿਰਪੱਖਤਾ ਇਸ ਵਕਤ ਖੁਦ ਦਾਅ ਉੱਤੇ ਲੱਗੀ ਹੋਈ ਹੈ। ਧਰਮ ਨਿਰਪੱਖਤਾ ਦਾ ਜ਼ਿਕਰ ਵੀ ਕਰਨਾ ਹੋਵੇ ਤਾਂ ਅੱਜ ਉਸ ਨੂੰ ਨਵੇਂ ਨਾਂਅ 'ਵਿਖਾਵੇ ਦੀ ਧਰਮ ਨਿਰਪੱਖਤਾ' ਆਖ ਕੇ ਉਹ ਲੋਕ ਚਿੜਾਉਂਦੇ ਹਨ, ਜਿਹੜੇ ਬਹੁ-ਸੰਮਤੀ ਦੇ ਦਾਬੇ ਨੂੰ ਕਿਸੇ ਵੀ ਰਾਜ ਵਿੱਚ ਧਰਮ ਨਿਰਪੱਖਤਾ ਦੀ ਗਾਰੰਟੀ ਕਹਿ ਕੇ ਪਰਚਾਰਦੇ ਹਨ। ਨਵੇਂ ਦੌਰ ਵਿੱਚ ਨਵੇਂ ਢੰਗ ਨਾਲ ਸੋਚਣਾ ਪੈਣਾ ਹੈ। ਸਾਡੀ ਇਸ ਧਾਰਨਾ ਦੀ ਤਹਿ ਹੇਠ ਜਿਹੜੀ ਕੌੜੀ ਹਕੀਕਤ ਅਤੇ ਸਥਿਤੀ ਨਜ਼ਰ ਪੈਂਦੀ ਹੈ, ਉਹ ਬੜਾ ਕੁਝ ਕਹਿ ਰਹੀ ਹੈ।

# ਕੌੜੀ ਨਿੰਮ ਦੀ ਮਿੱਠੀ ਯਾਦ

-ਸੱਤਪਾਲ ਸਿੰਘ ਦਿਓਲ

ਅਰਸਾ ਪਹਿਲਾਂ ਸਾਡੇ ਪਿੰਡ ਤੋਂ ਕਰੀਬ ਚਾਰ ਕਿਲੋਮੀਟਰ ਦੂਰ ਕਿਸੇ ਸ਼ਖਸ ਦੇ ਖੇਤ ਵਿਚਲੇ ਨਿੰਮ ਦੇ ਦਰਖਤ ਵਿੱਚੋਂ ਅਚਾਨਕ ਦੁੱਧ ਵਰਗਾ ਤਰਲ ਪਦਾਰਥ ਰਿਸਣ ਲੱਗਾ। ਨੇੜਲੇ ਪਿੰਡ ਦੇ ਮੇਰੇ ਕੁਝ ਮਿੱਤਰ, ਜੋ ਕਾਲਜ ਵਿੱਚ ਮੇਰੇ ਸਹਿਪਾਠੀ ਸਨ, ਰੋਜ਼ ਨਿੰਮ ਦੇ ਦੁੱਧ ਦੀਆਂ ਕਰਾਮਾਤਾਂ ਦੀਆਂ ਅਖੌਤੀ ਕਹਾਣੀਆਂ ਸੁਣਾਇਆ ਕਰਨ। ਉਨ੍ਹਾਂ ਦਾ ਕਰਾਮਾਤਾਂ ਵਿੱਚ ਯਕੀਨ ਭਾਵੇਂ ਬਿਲਕੁਲ ਨਹੀਂ ਸੀ, ਪਰ ਲੋਕਾਂ ਦੀਆਂ ਸਮੱਸਿਆਵਾਂ ਦੇ 'ਹੱਲ' ਸੁਣ ਕੇ ਇਕ ਵਾਰ ਉਹ ਵੀ ਨਿੰਮ ਦੇ ਦਰਸ਼ਨਾਂ ਨੂੰ ਜਾਣ ਵਾਸਤੇ ਜ਼ੋਰ ਪਾਉਣ ਲੱਗੇ। ਛੇਤੀ ਹੀ ਨਿੰਮ ਸੋਭਾ ਨੇੜਲੇ ਪਿੰਡਾਂ ਵਿੱਚ ਫੈਲ ਗਈ। ਲੋਕ ਵਹੀਰਾਂ ਘੱਤ ਦਰਸ਼ਨਾਂ ਨੂੰ ਟਰੈਕਟਰ ਟਰਾਲੀਆਂ, ਟਰੱਕਾਂ, ਕਾਰਾਂ 'ਤੇ ਜਾਣ ਲੱਗੇ। ਨਾਲ ਸੁਖਣਾਂ ਪੂਰੀਆਂ ਹੋਣ ਦੇ ਦਾਅਵੇ ਵੀ ਹੋਣ ਲੱਗੇ। ਆਖਰ ਅਸੀਂ ਕਾਲਜ ਦੇ ਸਹਿਪਾਠੀਆਂ ਨੇ ਵੀ ਇਹ 'ਕਰਾਮਾਤ' ਦੇਖਣ ਦਾ ਫੈਸਲਾ ਕੀਤਾ।

ਇਸ ਨਿੰਮ ਨੂੰ ਪ੍ਰਗਟ ਕਰਨ ਵਾਲਾ ਬੰਦਾ ਇਸੇ ਹੀ ਪਿੰਡ ਦਾ ਸੀ, ਜੋ ਜਮਾਂਦਰੂ ਕਿਸੇ ਰੋਗ ਤੋਂ ਪੀੜਤ ਸੀ। ਉਸ ਦਾ ਸਰੀਰ ਅਕਸਰ ਜਕੜਿਆ ਰਹਿੰਦਾ ਅਤੇ ਸੌਖਿਆਂ ਚੱਲ ਫਿਰ ਵੀ ਨਹੀਂ ਸਕਦਾ ਸੀ। ਉਹ ਬੰਦਾ ਸਾਨੂੰ ਉਸੇ ਪਿੰਡ ਦੇ ਚੌਕ ਵਿੱਚ ਮਿਲ ਪਿਆ। ਉਹਨੇ ਦੱਸਿਆ ਕਿ ਉਹ ਨਿੰਮ ਵਾਲੇ ਖੇਤ ਵਿੱਚ ਰਾਖੀ ਲਈ ਰਹਿੰਦਾ ਸੀ, ਇਕ ਦਿਨ ਅਚਾਨਕ ਗੁੜ-ਗੁੜ ਦੀ ਆਵਾਜ਼ ਆਈ ਤੇ ਨਿੰਮ ਵਿੱਚੋਂ ਦੁੱਧ ਨਿਕਲਣ ਲੱਗਾ। ਉਹਨੇ ਸੋਚਿਆ, ਰੱਬ ਨੇ ਉਸ 'ਤੇ ਮਿਹਰ ਕੀਤੀ ਹੈ ਅਤੇ ਉਹਨੇ ਉਹ ਦੁੱਧ ਪੀ ਲਿਆ ਅਤੇ ਉਹ ਠੀਕ ਹੋ ਗਿਆ।

ਉਂਜ ਦੇਖਣ ਨੂੰ ਉਹ ਠੀਕ ਹੋਇਆ ਜਾਪਦਾ ਨਹੀਂ ਸੀ। ਉਹਦੀ ਚਾਲ ਢਾਲ ਉਸੇ ਤਰ੍ਹਾਂ ਦੀ ਸੀ। ਰਸਤੇ ਵਿੱਚ ਅਸੀਂ ਨੇੜਲੇ ਸ਼ਹਿਰ ਦੇ ਕਈ ਧਨਾਢ ਅਤੇ ਪੜ੍ਹੇ ਲਿਖੇ ਲੋਕਾਂ ਨੂੰ ਪਰਵਾਰ ਸਮੇਤ ਡੰਡੌਤ ਕਰਦੇ ਜਾਂਦੇ ਦੇਖਿਆ। ਧਰਮਾਂ ਦੇ ਨਾਂ ਤੇ ਇਕ ਦੂਜੇ ਨੂੰ ਵੱਢ ਟੁੱਕ ਦੇਣ ਵਾਲੇ ਲੋਕ ਇਕਮੁੱਠ ਹੋ ਕੇ ਨਿੰਮ ਦੇ ਸੋਹਲੇ ਗਾ ਰਹੇ ਸਨ।

ਧੁਰ ਪਹੁੰਚਣ ਤੋਂ ਪਹਿਲਾਂ ਕਾਫੀ ਰੇਹੜੀਆਂ ਫੜ੍ਹੀਆਂ ਲੱਗੀਆਂ ਦੇਖੀਆਂ। ਇਨ੍ਹਾਂ ਉਤੇ ਧੂਫ, ਅਗਰਬੱਤੀਆਂ, ਪ੍ਰਸ਼ਾਦ ਆਦਿ ਵੀ ਮਿਲ ਰਿਹਾ ਸੀ। ਨਿੰਮ ਦਾ ਦਰਖਤ ਖੇਤ ਦੀ ਵੱਟ 'ਤੇ ਸੀ, ਜਿਸ ਵਿੱਚੋਂ ਤਰਲ ਪਦਾਰਥ ਸਾਂਭਣ ਲਈ ਬੋਤਲ ਬੰਨ੍ਹੀ ਹੋਈ ਸੀ, ਲੋਕ ਇਸ ਨੂੰ ਪ੍ਰਸ਼ਾਦ ਵਜੋਂ ਲੈ ਰਹੇ ਸਨ, ਪਰ ਇਹ ਪ੍ਰਸ਼ਾਦ ਪੂਰਾ ਨਹੀਂ ਸੀ ਆ ਰਿਹਾ, ਇਸ ਲਈ ਵਾਹਵਾ ਉਡੀਕਣਾ ਪੈ ਰਿਹਾ ਸੀ। ਧੂਫ ਦੀ ਪੂਰੀ ਡੱਬੀ ਵੱਟ ਕੇ ਜਲਾਈ ਹੋਈ ਸੀ ਅਤੇ ਮਾਹੌਲ ਪੂਰਾ ਧੂੰਆਂਧਾਰ ਕੀਤਾ ਹੋਇਆ ਸੀ। ਖੇਤ ਦਾ ਮਾਲਕ ਸਿੱਖ ਸੀ, ਜੋ ਨਿੰਮ ਦੀ ਕਰਾਮਾਤ ਦਾ ਪ੍ਰਚਾਰ ਜ਼ੋਰ ਸ਼ੋਰ ਨਾਲ ਕਰ ਰਿਹਾ ਸੀ। ਦਰਖਤ ਦੀਆਂ ਜੜ੍ਹਾਂ ਵਿੱਚ ਕੁਝ ਇੱਟਾਂ ਰੱਖੀਆਂ ਹੋਈਆਂ ਸੀ, ਜਿਨ੍ਹਾਂ ਉਪਰ ਨੋਟਾਂ ਦਾ ਢੇਰ ਲੱਗਾ ਹੋਇਆ ਸੀ। ਖੇਤ ਮਾਲਕ ਅਤੇ ਪਿੰਡ ਦੇ ਕੁਝ ਬੰਦਿਆਂ ਨੇ ਦੱਸਿਆ ਕਿ ਰੋਜ਼ ਦਸ ਤੋਂ ਪੰਦਰਾਂ ਹਜ਼ਾਰ ਦਾ ਚੜ੍ਹਾਵਾ ਆ ਰਿਹਾ ਹੈ। ਖੇਤ ਮਾਲਕ ਨੇ ਖੇਤ ਵਿੱਚ ਮੰਦਰ ਬਣਾਉਣ ਦਾ ਐਲਾਨ ਵੀ ਕਰ ਦਿੱਤਾ ਹੋਇਆ ਸੀ ਅਤੇ ਟਰਾਲੀ ਇੱਟਾਂ ਦੀ ਵੀ ਮੰਗਵਾ ਲਈ ਸੀ।

ਤਰਕ ਵਾਲਿਆਂ ਨੇ ਦੁੱਧ ਰਿਸਣ ਦਾ ਕਾਰਨ ਪਤਾ ਕਰ ਲਿਆ ਸੀ, ਵੈਸੇ ਵੀ ਇਹ ਕੋਈ ਪਹਿਲੀ ਘਟਨਾ ਨਹੀਂ ਸੀ। ਅਸਲ ਵਿੱਚ ਇਹ ਪੌਦੇ ਦੀਆਂ ਜੜ੍ਹਾਂ ਵੱਲੋਂ ਬਾਕੀ ਭਾਗ ਨੂੰ ਤਰਲ ਪਹੁੰਚਾਉਣ ਦੀ ਸਾਧਾਰਨ ਪ੍ਰਕਿਰਿਆ ਹੁੰਦੀ ਹੈ। ਕਿਸੇ ਵਜ੍ਹਾ ਕਾਰਨ ਕਿਤੇ ਪੰਕਚਰ ਹੋ ਜਾਵੇ ਤਾਂ ਤਰਲ ਪਦਾਰਥ ਸੁਰਾਖ ਵਿੱਚੋਂ ਰਿਸਣ ਲੱਗਦਾ ਹੈ। ਇਹ ਹੋਰ ਵੀ ਕਈ ਕਿਸਮ ਦੇ ਦਰਖਤਾਂ ਵਿੱਚੋਂ ਰਿਸ ਸਕਦਾ ਹੈ, ਪਰ ਨਿੰਮ ਚੰਗਾ ਕੁਦਰਤੀ ਐਂਟੀ ਬਾਇਟਿਕ ਹੈ, ਇਸ ਲਈ ਇਸ ਦੀ ਖਾਸ ਮਹੱਤਤਾ ਹੈ। ਉਂਜ ਤਰਲ ਲਗਾਤਾਰ ਰਿਸਣ ਨਾਲ ਦਰਖਤ ਕਮਜ਼ੋਰ ਹੋ ਕੇ ਸੁੱਕਣ ਲੱਗਦਾ ਹੈ। ਦਰਖਤ ਬਚਾਉਣ ਲਈ ਇਹ ਬੰਦ ਕਰਨਾ ਜ਼ਰੂਰੀ ਹੁੰਦਾ ਹੈ, ਪਰ ਅੰਧਵਿਸ਼ਵਾਸੀ ਲੋਕਾਂ ਦੀ ਮਾਨਸਿਕਤਾ ਦਾ ਫਾਇਦਾ ਉਠਾਉਣ ਲਈ ਇਹ ਕਾਫੀ ਹੈ।

ਨਿੰਮ ਦੇ ਇਸ ਦਰਖਤ ਨੇ ਅਮਰੀਕਨ ਸੁੰਡੀ ਨਾਲ ਬਰਬਾਦ ਹੋਏ ਨਰਮੇ ਦੇ ਝੰਬੇ ਉਸ ਕਿਸਾਨ ਦੇ ਵਾਰੇ ਨਿਆਰੇ ਕਰ ਦਿੱਤੇ ਸਨ। ਫਿਰ ਲੋਕਾਂ ਨੂੰ ਨਿੰਮ ਦੀ ਹਕੀਕਤ ਪਤਾ ਲੱਗ ਗਈ ਅਤੇ ਇਕ ਦਿਨ ਝੱਖੜ ਨਾਲ, ਪਹਿਲਾਂ ਹੀ ਕਮਜ਼ੋਰ ਹੋਇਆ ਇਹ ਦਰਖਤ ਟੁੱਟ ਗਿਆ। ਅੱਜ ਇਸ ਦਾ ਕੋਈ ਨਾਮੋ ਨਿਸ਼ਾਨ ਨਹੀਂ। ਸੁਣਨ ਵਿੱਚ ਆਇਆ ਸੀ ਕਿ ਜਿਹੜੀਆਂ ਇੱਟਾਂ ਮੰਦਰ ਲਈ ਆਈਆਂ ਸਨ, ਉਨ੍ਹਾਂ ਦੀ ਉਸ ਨੇ ਖੁਰਲੀ ਬਣਾ ਲਈ ਹੈ।

# ਸਾਡੇ ਘਰ ਤਾਂ ਆਪ ਮੇਲਾ ਲੱਗਿਆ..

-ਸ਼ਵਿੰਦਰ ਕੌਰ-

ਛੁੱਟੀਆਂ ਹੋਣ ਕਾਰਨ ਸ਼ਾਮ ਸਮੇਂ ਪਾਰਕ ਬੱਚਿਆਂ ਨਾਲ ਭਰਿਆ ਹੁੰਦਾ ਹੈ। ਆਪੋ-ਆਪਣੇ ਗਰੁੱਪ ਬਣਾ ਕੇ ਮੌਜ ਮਸਤੀ ਕਰਦੇ, ਰੌਲਾ ਪਾਉਂਦੇ, ਨੱਚਦੇ ਟੱਪਦੇ, ਹੱਸਦੇ ਹਸਾਉਂਦੇ, ਫੁੱਲਾਂ ਵਾਂਗ ਟਹਿਕਦੇ ਬੱਚੇ ਤੱਕ ਕੇ ਮਨ ਨੂੰ ਸਕੂਨ ਮਿਲਦਾ ਹੈ। ਸ਼ਾਮ ਹੁੰਦਿਆਂ ਹੀ ਮੈਂ ਵੀ ਪਾਰਕ ਵਿੱਚ ਪਏ ਬੈਂਚਾਂ ਉਤੇ ਆਪਣੀ ਹਮਉਮਰ ਸਾਥਣਾਂ ਕੋਲ ਜਾ ਬੈਠਦੀ ਹਾਂ।

ਗੱਲਾਂ ਬੱਚਿਆਂ ਦੀਆਂ ਛੁੱਟੀਆਂ ਤੋਂ ਸ਼ੁਰੂ ਹੋ ਕੇ ਨਾਨਕੇ ਘਰ ਜਾਣ ਤੱਕ ਜਾ ਪਹੁੰਚਦੀਆਂ ਹਨ। ਤੁਰਦੀ ਗੱਲ ਆਪਣੀ ਪੀੜ੍ਹੀ ਤੋਂ ਸ਼ੁਰੂ ਹੋ ਕੇ ਨਵੀਂ ਪਨੀਰੀ ਦੇ ਨਾਨਕੇ ਘਰ ਜਾਣ ਤੱਕ ਜਾ ਪਹੁੰਚਦੀ ਹੈ। ਆਪਣੇ ਪੋਤਰੇ ਤੇ ਪੋਤਰੀ ਨੂੰ ਖਿਡਾਉਣ ਲੈ ਕੇ ਆਈ ਬਜ਼ੁਰਗ ਔਰਤ ਆਪਣੇ ਸਮੇਂ ਦਾ ਕਿੱਸਾ ਛੋਹ ਲੈਂਦੀ ਹੈ। ਮੇਰੇ ਬੱਚੇ ਛੁੱਟੀਆਂ ਮਿਲਣ ਤੋਂ ਮਹੀਨਾ ਪਹਿਲਾਂ ਹੀ ਨਾਨਕੇ ਘਰ ਜਾਣ ਦੀਆਂ ਸਕੀਮਾਂ ਬਣਾਉਣ ਲੱਗ ਪੈਂਦੇ। ਜਲਦੀ-ਜਲਦੀ ਸਕੂਲ ਦਾ ਕੰਮ ਨਿਬੇੜ ਦਿੰਦੇ। ਪਹਿਲੀ ਛੁੱਟੀ ਨੂੰ ਅਸੀਂ ਚਾਲੇ ਪਾ ਦਿੰਦੇ। ਆਖਰੀ ਛੁੱਟੀ ਵਾਲੇ ਦਿਨ ਮੇਰਾ ਭਰਾ ਜਵਾਕਾਂ ਨੂੰ ਖਿੱਚ ਧੂਹ ਕੇ ਬੱਸ ਚੜ੍ਹਾਉਂਦਾ ਤੇ ਸਾਨੂੰ ਛੱਡ ਕੇ ਜਾਂਦਾ। ਉਨ੍ਹਾਂ ਸਮਿਆਂ ਵਿੱਚ ਕਿਹੜਾ ਪਹਾੜਾਂ ਦੀ ਸੈਰ ਕਰਨ ਜਾਣਾ ਹੁੰਦਾ ਸੀ, ਲੈ ਦੇ ਕੇ ਨਾਨਕੇ ਹੀ ਹੁੰਦੇ ਸਨ ਜਾਣ ਲਈ। ਮਾਸੀਆਂ ਤਾਂ ਆਪ ਉਥੇ ਪਹੁੰਚੀਆਂ ਹੁੰਦੀਆਂ ਸਨ। ਅੱਜਕੱਲ੍ਹ ਨੌਕਰੀ ਦੇ ਕਾਰਨ ਜਾਂ ਬੱਚਿਆਂ ਨੂੰ ਪੜ੍ਹਾਉਣ ਲਈ ਆਏ ਮਾਪਿਆਂ ਦੇ ਬੱਚਿਆਂ ਨੇ ਦਾਦੇ ਦਾਦੀ ਕੋਲ ਵੀ ਛੁੱਟੀਆਂ ਕੱਟਣ ਜਾਣਾ ਹੁੰਦਾ ਹੈ।

ਮੈਡਮ ਗਿੱਲ, ਜਿਸ ਦੀ ਧੀ ਦੋ ਹਫਤੇ ਲਾ ਕੇ ਗਈ ਸੀ, ਕਹਿਣ ਲੱਗੀ, 'ਭਾਈ ਉਦੋਂ ਜ਼ਮਾਨਾ ਹੋਰ ਸੀ। ਘਰ ਵਿੱਚ ਜੋ ਕੁਝ ਬਣਨਾ, ਸਾਰਿਆਂ ਨੇ ਉਹੀ ਖਾਹ ਪੀ ਲੈਣਾ। ਜੇ ਕੋਈ ਬੱਚਾ ਨਖਰਾ ਦਿਖਾਉਂਦਾ, ਮਾਮੀ ਨਾਨੀ ਕੋਈ ਵੀ ਬੱਚੇ ਨੂੰ ਝਿੜਕ ਦਿੰਦੀ। ਨਾ ਕੋਈ ਗੱਸਾ ਕਰਦਾ ਸੀ ਤੇ ਨੀ ਅੱਜ ਦੇ ਬੱਚਿਆਂ ਵਾਂਗ ਉਹ ਬੱਚੇ ਆਪਣੀ ਬੇਇਜ਼ਤੀ ਹੋਈ ਸਮਝਦੇ ਸਨ। ਆਹ ਸਾਡੀ ਕੁੜੀ ਆਈ ਸੀ, ਦੋ ਉਹਦੇ ਤੇ ਦੋ ਸਾਡੇ, ਚਾਰਾਂ ਨੇ ਰਲ ਕੇ ਪੰਦਰਾਂ ਦਿਨ ਤਪਾ ਛੱਡਿਆ। ਜਿਹੜੀ ਚੀਜ਼ ਇਕ ਨੂੰ ਪਸੰਦ, ਉਹ ਦੂਜੇ ਨੂੰ ਨਹੀਂ। ਸਾਰਾ ਦਿਨ ਫਰਮਾਇਸ਼ਾਂ ਪੂਰੀਆਂ ਨਾ ਹੁੰਦੀਆਂ। ਉਤੋਂ ਗਰਮੀ ਦੀ ਰੁੱਤ। ਮਸਾਂ ਹਰ-ਹਰ ਕਰਕੇ ਪੰਦਰਾਂ ਦਿਨ ਕੱਢੇ।'

ਕੋਲ ਬੈਠੀ ਇਕ ਹੋਰ ਬੀਵੀ ਵੀ ਗੱਲਬਾਤ ਵਿੱਚ ਸ਼ਾਮਲ ਹੋ ਗਈ: ਗੱਲ ਤੁਹਾਡੀ ਸਹੀ ਹੈ। ਮੇਰੀ ਮਾਂ ਕਦੇ ਚੂਰੀ ਕੁੱਟ ਦਿੰਦੀ। ਖੀਰ ਬਣਾ ਦਿੰਦੀ। ਕਦੇ ਮੀਂਹ ਪੈ ਜਾਂਦਾ ਤਾਂ ਗੁਲਗੁਲੇ ਮੱਠੀਆਂ ਅਤੇ ਪੂੜੇ ਬਣਾ ਦਿੰਦੀ। ਜਵਾਕਾਂ ਨੇ ਖਾਂਦਿਆਂ ਐਂ ਟਪੂਸੀਆਂ ਮਾਰਨੀਆਂ ਜਿਵੇਂ ਜੱਗੋਂ ਨਿਆਰੀ ਚੀਜ਼ ਮਿਲ ਗਈ ਹੋਵੇ। ਆਥਣੇ ਦਾਣੇ ਦੇ ਕੇ ਭੱਠੀ ਵੱਲ ਭੁਨਾਉਣ ਲਈ ਭੇਜ ਦੇਣਾ। ਅੱਜਕੱਲ੍ਹ ਆਹ ਟੀ ਵੀ ਵਾਲਿਆਂ ਨੇ ਇਨ੍ਹਾਂ ਦੀ ਮੱਤ ਮਾਰ ਛੱਡੀ ਹੈ। ਉਸ ਤੋਂ ਵੇਖ-ਵੇਖ ਕੇ ਪਤਾ ਨਹੀਂ ਕੀ ਆਹ ਸਵਾਹ ਪੀਜ਼ੇ, ਬਰਗਰ, ਮੈਗੀ, ਕੁਰਕੁਰੇ ਮੰਗੀ ਜਾਣਗੇ। ਰੋਟੀ ਇਨ੍ਹਾਂ ਦੇ ਸੰਘੋਂ ਨਹੀਂ ਲੰਘਦੀ। ਬੱਚੇ ਵੀ ਕੀ ਕਰਨ, ਸਾਰਾ ਦਿਨ ਇਨ੍ਹਾਂ ਨੂੰ ਇਹੋ ਕੁਝ ਦਿਖਾਈ ਜਾਂਦੇ ਹਨ।

ਗੱਲਾਂ ਸੁਣਦੀ ਇਕ ਨੌਜਵਾਨ ਬੀਬੀ ਮਹਿਫਲ ਵਿੱਚ ਸ਼ਾਮਲ ਹੋ ਕੇ ਚੁੰਝ ਚਰਚਾ ਵਿੱਚ ਹਿੱਸਾ ਲੈਂਦੀ ਆਪਣੀ ਰਾਇ ਦੱਸਣ ਲੱਗ ਪਈ। ਅਸਲ ਵਿੱਚ ਆਂਟੀ ਜੀ ਸਾਮਾਨ ਤਾਂ ਉਹੀ ਤੁਹਾਡੇ ਵਾਲਾ ਹੀ ਕਣਕ, ਛੋਲੇ, ਮੱਕੀ, ਜੌਂ, ਜਵੀ, ਦਾਲਾਂ, ਦੁੱਧ, ਲੱਸੀ ਹੁੰਦਾ ਹੈ। ਜਦੋਂ ਤੁਸੀਂ ਇਨ੍ਹਾਂ ਦਾ ਘਰ ਵਿੱਚ ਖਾਣ ਪੀਣ ਦਾ ਸਮਾਨ ਬਣਾਉਂਦੇ ਸੀ, ਉਹ ਤਾਕਤਵਰ ਅਤੇ ਸਾਫ ਸੁਥਰਾ ਹੁੰਦਾ ਸੀ। ਕੰਪਨੀਆਂ ਵਾਲੇ ਉਸੇ ਸਮਾਨ ਤੋਂ ਨਵੀਆਂ-ਨਵੀਆਂ ਮਸਾਲੇਦਾਰ ਅਤੇ ਚਟਪਟੀਆਂ ਚੀਜ਼ਾਂ ਬਣਾ ਕੇ ਆਪ ਤਾਂ ਖੂਬ ਮੁਨਾਫਾ ਕਮਾਉਂਦੇ ਹਨ, ਬੱਚਿਆਂ ਦੀ ਸਿਹਤ ਨਾਲ, ਤੁਹਾਡੀ ਜੇਬ ਨਾਲ ਅਤੇ ਰਿਸ਼ਤਿਆਂ ਨਾਲ ਖਿਲਵਾੜ ਕਰਕੇ ਨੁਕਸਾਨ ਪਹੁੰਚਾਉਂਦੇ ਹਨ। ਜਦੋਂ ਘਰ ਵਿੱਚ ਪੈਦਾ ਹੁੰਦੀਆਂ ਵਸਤਾਂ ਦੀ ਵਰਤੋਂ ਹੁੰਦੀ ਸੀ, ਘਰ ਵਿੱਚ ਭਾਵੇਂ ਦਸ ਜੀਅ ਮਿਲਣ ਗਿਲਣ ਵਾਲੇ ਆ ਜਾਂਦੇ, ਬਹੁਤਾ ਫਰਕ ਨਹੀਂ ਪੈਂਦਾ ਸੀ, ਅੱਜ ਤਾਂ ਚਾਰ ਦਿਨਾਂ ਵਿੱਚ ਹੀ ਬਜਟ ਵਿਗੜ ਜਾਂਦਾ।

ਗੱਲ ਬੀਬੀ ਤੇਰੀ ਸੱਚੀ ਹੈ, ਆਹ ਦਸ ਤਰ੍ਹਾਂ ਦਾ ਦੁੱਧ ਵਿੱਚ ਮਿਲਾਉਣ ਵਾਲਾ ਪਾਊਡਰ ਜਿਹਾ ਦਿਖਾਈ ਜਾਣਗੇ। ਆਹ ਮੇਰੇ ਪੋਤਾ ਪੋਤੀ, ਇਕ ਕਹੂੰ, ਮੇਰੇ ਦੁੱਧ ਵਿੱਚ ਬੋਰਨਵੀਟਾ ਪਾਉਂ, ਦੂਜਾ ਕਹੂ ਮੈਂ ਤਾਂ ਹੋਰਲਿਕਸ ਵਾਲਾ ਪੀਊਂ। ਇਨ੍ਹਾਂ ਦੀਆਂ ਮਸ਼ਹੂਰੀਆਂ ਕਰਨ ਵਾਲੇ ਕਿਹੜਾ ਘੱਟ ਨੇ। ਕਿਸੇ ਬਾਰੇ ਕਹਿਣਗੇ, ਇਹਦੇ ਨਾਲ ਕੱਦ ਵਧਦਾ, ਕਿਸੇ ਨਾਲ ਦਿਮਾਗ ਤੇਜ਼ ਹੁੰਦਾ, ਕਿਸੇ ਨਾਲ ਕਹਿਣਗੇ ਬੱਚਾ ਤਾਕਤਵਰ ਬਣਦਾ। ਬੱਚੇ ਤਾਂ ਪਾਸੇ ਰਹੇ, ਉਨ੍ਹਾਂ ਦੇ ਮਾਂ ਬਾਪ ਵੀ ਇਨ੍ਹਾਂ ਦੀਆਂ ਮੋਮੋਠਣੀਆਂ ਵਿੱਚ ਆ ਜਾਂਦੇ ਹਨ। ਕੋਈ ਪੁੱਛਣ ਵਾਲਾ ਹੋਵੇ, ਜਦੋਂ ਸਾਡੇ ਵੇਲਿਆਂ ਵਿੱਚ ਜਵਾਕ 'ਕੱਲਾ ਦੁੱਧ ਲੱਸੀ ਪੀਂਦੇ ਸਨ, ਅੱਜ ਦੇ ਬੱਚਿਆਂ ਨਾਲੋਂ ਤਾਕਤਵਰ ਕਿਉਂ ਹੁੰਦੇ ਸਨ।

ਹੱਸਦੀ-ਹੱਸਦੀ ਪਾਲ ਆਪਣੀ ਗੱਲ ਸੁਣਾਉਣ ਲੱਗੀ, 'ਛੁੱਟੀਆਂ ਵਿੱਚ ਅਸੀਂ ਪੰਜੇ ਭੈਣਾਂ ਆਪੋ-ਆਪਣੇ ਬੱਚਿਆਂ ਨਾਲ ਪੇਕੇ ਘਰ ਪਹੁੰਚ ਗਈਆਂ। ਚਾਰ ਕੁੜੀਆਂ ਮੇਰੇ ਚਾਚੇ ਦੇ ਸਨ, ਉਹ ਵੀ ਆ ਗਈਆਂ। ਇਕ ਦਿਨ ਮੇਰਾ ਚਾਚਾ ਮੰਜਾ ਚੁੱਕੀ ਤ੍ਰਿਵੈਣੀ ਵੱਲ ਤੁਰਿਆ ਆਵੇ, ਮੇਰਾ ਭਰਾ ਜੋ ਸਾਡੇ ਸਾਰੀਆਂ ਨਾਲੋਂ ਛੋਟਾ ਸੀ, ਚਾਚੇ ਨੂੰ ਪੁੱਛਣ ਲੱਗ ਪਿਆ ਕਿ ਅੱਜ ਕਿਵੇਂ ਇਧਰ ਨੂੰ ਮੰਜਾ ਚੁੱਕੀ ਆਉਨਾ। ਚਾਚਾ ਕਹਿੰਦਾ, 'ਸ਼ੇਰਾ, ਸਾਡੇ ਘਰ ਕੰਨ ਪਾਈ ਨਹੀਂ ਸੁਣਦੀ, ਮੈਂ ਕਿਹਾ, ਤ੍ਰਿਵੈਣੀ ਥੱਲੇ ਹੀ ਬਿੰਦ ਝਟ ਆਰਾਮ ਕਰ ਲੈਂਦਾ ਹਾਂ।'

'ਚਾਚਾ ਤੂੰ ਅਗਾਂਹ ਹੋ ਕੇ ਦੇਖ, ਸਾਡੇ ਘਰ ਤਾਂ ਆਪ ਮੇਲਾ ਲੱਗਿਐ।'

'ਸ਼ੇਰਾ, ਇਹ ਰੌਣਕਾਂ ਕਰਮਾਂ ਵਾਲਿਆਂ ਦੇ ਘਰੀਂ ਲੱਗਦੀਆਂ। ਧੀਆਂ ਆਹ ਛੁੱਟੀਆਂ ਦੇ ਚਾਰ ਦਿਨ ਸਭ ਨਾਲ ਮੇਲਾ ਗੇਲਾ ਕਰ ਜਾਂਦੀਆਂ।'

ਅੱਜਕੱਲ੍ਹ ਤਾਂ ਹੱਦ ਦੋ ਭੈਣ ਭਰਾ ਹੁੰਦੇ। ਅਗਾਂਹ ਤਾਂ ਇਕੋ ਦਾ ਰਿਵਾਜ ਆ ਗਿਆ ਹੈ। ਉਹ ਵੀ ਦੂਜੇ ਦੇਸ਼ਾਂ ਨੂੰ ਜਾਣ ਵਾਲੇ ਜਹਾਜ਼ ਵਿੱਚ ਚੜ੍ਹ, ਘਰ ਦੀਆਂ ਹੀ ਰੌਣਕਾਂ ਨਹੀਂ, ਪੰਜਾਬ ਨੂੰ ਖਾਲੀ ਕਰੀ ਜਾਂਦੇ ਹਨ। ਕਿੱਥੋ ਭਾਲਾਂਗੇ ਮੇਲਾ ਲੱਗਣ ਵਾਲੀਆਂ ਉਹ ਰੌਣਕਾਂ ਅਤੇ ਮੋਹ ਭਿੱਜੇ ਅਪਣੱਤ ਭਰੇ ਰਿਸ਼ਤੇ!










## ਕੈਂਟਰ ਅਤੇ ਕਾਰ ਦੀ ਟੱਕਰ ਦੇ ਕਾਰਨ ਤਿੰਨ ਮੌਤਾਂ

ਭੀਖੀ, 5 ਅਗਸਤ (ਪੋਸਟ ਬਿਊਰੋ)- ਇਥੇ ਮਾਨਸਾ ਬਠਿੰਡਾ ਰੋਡ ਉਤੇ ਅਨਾਜ ਮੰਡੀ ਕੋਲ ਕੈਂਟਰ ਅਤੇ ਕਾਰ ਦੀ ਸਿੱਧੀ ਟੱਕਰ ਵਿੱਚ ਕਾਰ ਸਵਾਰ ਤਿੰਨ ਜਣਿਆਂ ਦੀ ਮੌਤ ਹੋ ਗਈ। ਪੀੜਤਾਂ ਦੀ ਪਛਾਣ ਮਲੇਰਕੋਟਲਾ ਦੇ ਪਿੰਡ ਦੌਲਤਪੁਰ ਵਾਸੀ ਸਵਰਨ ਸਿੰਘ (48), ਉਸ ਦੇ ਪੁੱਤਰ ਮਨਪਿੰਦਰ ਸਿੰਘ (23) ਅਤੇ ਭਾਣਜੇ ਵਿਸ਼ਵਜੀਤ ਸਿੰਘ ਵਾਸੀ ਗੋਬਿੰਦਗੜ੍ਹ ਛੰਨਾ ਵਜੋਂ ਹੋਈ ਹੈ। ਹਾਦਸੇ ਮਗਰੋਂ ਕੈਂਟਰ ਚਾਲਕ ਫਰਾਰ ਹੋ ਗਿਆ, ਪਰ ਉਹਦੀ ਪਛਾਣ ਹੋ ਗਈ ਹੈ। ਪੁਲਸ ਨੇ ਉਸ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਉਹਦੀ ਭਾਲ ਆਰੰਭ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਦੁਪਹਿਰੇ ਖਾਦ ਨਾਲ ਲੱਦਿਆਂ ਕੈਂਟਰ ਭੀਖੀ ਤੋਂ ਮਾਨਸਾ ਨੂੰ ਆ ਰਿਹਾ ਸੀ। ਇਸ ਦੌਰਾਨ ਅਲਟੋ ਕਾਰ, ਜਿਸ ਵਿੱਚ ਤਿੰਨ ਵਿਅਕਤੀ ਕਿਸੇ ਧਾਰਮਿਕ ਅਸਥਾਨ ਤੋਂ ਮੱਥਾ ਟੇਕ ਕੇ ਵਾਪਸ ਆਪਣੇ ਘਰ ਪਰਤ ਰਹੇ ਸਨ, ਜਦੋਂ ਅਨਾਜ ਮੰਡੀ ਨੇੜੇ ਪੁੱਜੀ ਤਾਂ ਉਹਦੀ ਸਾਹਮਣੇ ਤੋਂ ਆਏ ਟੈਂਕਰ ਨਾਲ ਟੱਕਰ ਹੋ ਗਈ। ਇਸ ਨਾਲ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਕੈਂਟਰ ਪਲਟ ਗਿਆ। ਇਸ ਹਾਦਸੇ ਵਿੱਚ ਕਾਰ ਚਾਲਕ ਮਨਪਿੰਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਗੰਭੀਰ ਜ਼ਖਮੀ ਸਵਰਨ ਸਿੰਘ ਅਤੇ ਵਿਸ਼ਵਜੀਤ ਸਿੰਘ ਨੇ ਮਾਨਸਾ ਹਸਪਤਾਲ ਲਿਜਾਂਦਿਆਂ ਰਾਹ ਵਿੱਚ ਦਮ ਤੋੜ ਦਿੱਤਾ।

## ਤੇਜ਼ ਰਫਤਾਰ ਟਰੱਕ ਹੇਠ ਕੁਚਲ ਕੇ ਬਾਈਕ ਸਵਾਰ ਦੀ ਮੌਤ

ਜਲੰਧਰ, 5 ਅਗਸਤ (ਪੋਸਟ ਬਿਊਰੋ)- ਪੀ ਏ ਪੀ ਚੌਕ ਤੋਂ ਚੁਗਿੱਟੀ ਜਾਂਦੇ ਸਮੇਂ ਤੇਜ਼ ਰਫਤਾਰ ਟਰੱਕ ਦੀ ਲਪੇਟ ਵਿੱਚ ਆ ਕੇ ਬਾਈਕ ਸਵਾਰ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਕਿਸ਼ਨਪੁਰਾ ਵਾਸੀ ਰਾਮਮੂਰਤੀ (55) ਪੁੱਤਰ ਖੁਸ਼ੀ ਰਾਮ ਦੇ ਰੂਪ ਵਿੱਚ ਹੋਈ ਹੈ ਅਤੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ। ਬੀਤੀ ਸ਼ਾਮ ਰਾਮਮੂਰਤੀ ਆਪਣੇ ਜੀਜੇ ਚਮਨ ਲਾਲ ਦੇ ਨਾਲ ਉਸ ਦੀ ਬਾਈਕ 'ਤੇ ਘਰ ਜਾ ਰਹੇ ਸਨ। ਪੀ ਏ ਪੀ ਚੌਕ ਪਾਰ ਕਰਨ ਪਿੱਛੋਂ ਚੁਗਿੱਟੀ ਵੱਲੋਂ ਉਹ ਜਾ ਰਹੇ ਸਨ ਕਿ ਪਿੱਛੋਂ ਆਏ ਤੇਜ਼ ਰਫਤਾਰ ਟਰੱਕ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ, ਇਸ ਦੌਰਾਨ ਟੱਕਰ ਮਾਰਨ ਵਾਲੇ ਟਰੱਕ ਦਾ ਪਿਛਲਾ ਟਾਇਰ ਰਾਮਮੂਰਤੀ ਦੇ ਸਿਰ ਦੇ ਉਪਰੋਂ ਲੰਘਣ ਕਾਰਨ ਰਾਮਮੂਰਤੀ ਦੀ ਮੌਕੇ 'ਤੇ ਮੌਤ ਹੋ ਗਈ।

## ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਸੁਰੱਖਿਆ ਕਮਾਂਡੋ ਦਾ ਗੋਲੀ ਮਾਰ ਕੇ ਕਤਲ

ਮੋਹਾਲੀ, 5 ਅਗਸਤ (ਪੋਸਟ ਬਿਊਰੋ)- ਅਮੀਰਜ਼ਾਦਿਆਂ ਦੀਆਂ ਦੇਰ ਰਾਤ ਤੱਕ ਡਾਂਸ ਪਾਰਟੀਆਂ ਆਯੋਜਿਤ ਕਰਨ ਲਈ ਸੁਰਖੀਆਂ ਵਿੱਚ ਰਹੇ ਫੇਜ਼-11 ਦੇ ਵਾਕਿੰਗ ਸਟਰੀਟ ਡਿਸਕੋ ਕਲੱਬ ਵਿੱਚ ਸ਼ਨੀਵਾਰ ਰਾਤ ਡਾਂਸ ਪਾਰਟੀ ਵਿੱਚ ਝਗੜੇ ਤੋਂ ਬਾਅਦ ਪੰਜਾਬ ਪੁਲਸ ਦੇ ਇੱਕ ਕਮਾਂਡੋ ਦੀ ਕੁਝ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਹਮਲਾਵਰ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ। ਮ੍ਰਿਤਕ ਦੀ ਪਛਾਣ ਪੰਜਾਬ ਪੁਲਸ ਦੇ ਕਮਾਂਡੋ ਸੁਖਵਿੰਦਰ ਕੁਮਾਰ ਵਜੋਂ ਹੋਈ ਹੈ, ਜੋ ਪਿੰਡ ਰੋੜੀਵਾਲਾ ਤਾਰੇਵਾਲਾ, ਤਹਿਸੀਲ ਜਲਾਲਾਬਾਦ ਜ਼ਿਲਾ ਫਾਜ਼ਿਲਕਾ ਦਾ ਵਸਨੀਕ ਸੀ ਅਤੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਸਕਿਓਰਿਟੀ ਵਿੱਚ ਤਾਇਨਾਤ ਸੀ।

ਇਸ ਘਟਨਾ ਦੇ ਬਾਅਦ ਪੁਲਸ ਨੇ ਮੌਕੇ ਉਤੇ ਪਹੁੰਚ ਕੇ ਕਲੱਬ ਨੂੰ ਸੀਲ ਕਰ ਦਿੱਤਾ ਤੇ ਫੇਜ਼-11 ਪੁਲਸ ਸਟੇਸ਼ਨ ਵਿੱਚ ਹਮਲਾਵਰ ਚਰਨਜੀਤ



ਮ੍ਰਿਤਕ ਸੁਖਵਿੰਦਰ ਕੁਮਾਰ ਦੀ ਫਾਇਲ ਫੋਟੋ।

ਸਿੰਘ ਵਾਸੀ ਸੁਲਤਾਨਵਿੰਡ (ਅੰਮ੍ਰਿਤਸਰ) ਅਤੇ ਹੋਰਨਾਂ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ। ਪਤਾ ਲੱਗਾ ਹੈ ਕਿ ਪਾਰਟੀ ਵਿੱਚ ਹੋਏ ਝਗੜੇ ਪਿੱਛੋਂ ਹਮਲਾਵਰ ਬਾਹਰ ਬੈਠ ਕੇ ਕਮਾਂਡੋ ਦੇ ਆਉਣ ਦੀ ਉਡੀਕ ਕਰ ਰਹੇ ਸਨ। ਕਲੱਬ ਵਿੱਚ ਜਦੋਂ ਝਗੜਾ ਹੋਇਆ ਤਾਂ ਰਾਤ ਢਾਈ ਵਜੇ ਦੇ ਕਰੀਬ ਕਲੱਬ ਦੇ ਬਾਊਂਸਰਾਂ ਨੇ ਚਰਨਜੀਤ ਸਿੰਘ ਵਾਸੀ ਸੁਲਤਾਨਵਿੰਡ ਅਤੇ ਉਸ ਦੇ ਦੋਸਤਾਂ ਨੂੰ ਪਾਰਟੀ 'ਚੋਂ ਬਾਹਰ ਕੱਢ ਦਿੱਤਾ। ਉਸ ਦੇ ਲਗਭਗ ਪੌਣੇ ਘੰਟੇ ਬਾਅਦ ਕਮਾਂਡੋ ਸੁਖਵਿੰਦਰ ਕੁਮਾਰ ਅਤੇ ਦੋਸਤਾਂ ਨੂੰ ਬਾਹਰ ਕੱਢਿਆ ਗਿਆ। ਜਦੋਂ ਸੁਖਵਿੰਦਰ ਸਿੰਘ ਆਪਣੇ ਦੋਸਤਾਂ ਨਾਲ ਬਾਹਰ ਆਇਆ ਤਾਂ ਚਰਨਜੀਤ ਸਿੰਘ ਨੇ ਆਪਣੀ ਕਾਰ ਵਿੱਚੋਂ ਰਿਵਾਲਵਰ ਕੱਢ ਕੇ ਉਸ ਨੂੰ ਲਗਾਤਾਰ ਤਿੰਨ ਗੋਲੀਆਂ ਮਾਰੀਆਂ। ਇਨ੍ਹਾਂ ਵਿੱਚੋਂ ਇਕ ਗੋਲੀ ਉਸ ਦੀ ਛਾਤੀ ਵਿੱਚ ਲੱਗੀ, ਇਕ ਢਿੱਡ ਦੇ ਨੇੜੇ ਤੋਂ ਲੰਘ ਗਈ ਅਤੇ ਤੀਜੀ ਗੋਲੀ ਉਸ ਦੇ ਕੋਲੋਂ ਲੰਘ ਗਈ। ਗੋਲੀਆਂ ਲੱਗਦੇ ਸਾਰ ਸੁਖਵਿੰਦਰ ਸਿੰਘ ਹੇਠਾਂ ਡਿੱਗ ਪਿਆ, ਜਿਸ ਨੂੰ ਸੈਕਟਰ-71 ਦੇ ਆਈ ਵੀ ਹਸਪਤਾਲ ਵਿੱਚ ਇਲਾਜ ਲਈ ਪਹੁੰਚਾਇਆ ਗਿਆ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਵਾਕਿੰਗ ਸਟਰੀਟ ਕਲੱਬ ਦੇ ਮਾਲਕਾਂ ਸਾਜਨ ਮਹਾਜਨ ਤੇ ਅਕਸ਼ੇ ਕੁਮਾਰ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਉਨ੍ਹਾਂ ਦੇ ਖਿਲਾਫ ਵੀ ਕਾਰਵਾਈ ਕਰਨ ਵਿੱਚ ਜੁਟੀ ਹੋਈ ਹੈ।

## ਅਕਾਲੀ ਆਗੂ ਪ੍ਰਹਿਲਾਦ ਖਾਟਵਾਂ ਉੱਤੇ ਜੇਲ੍ਹ ਵਿੱਚ ਬੰਦ ਬਿਸ਼ਨੋਈ ਦੇ ਗੈਂਗ ਵੱਲੋਂ ਹਮਲਾ

ਅਬੋਹਰ, 5 ਅਗਸਤ (ਪੋਸਟ ਬਿਊਰੋ)- ਵੱਖ-ਵੱਖ ਰਾਜਾਂ ਦੇ ਲਈ ਨਾਮੀ ਗੈਂਗਸਟਰ ਮੰਨੇ ਜਾਂਦੇ ਤੇ ਇਸ ਵੇਲੇ ਜੋਧਪੁਰ ਜੇਲ੍ਹ ਵਿੱਚ ਬੰਦ ਲਾਰੈਂਸ ਬਿਸ਼ਨੋਈ ਗੈਂਗ ਦੇ ਬਦਮਾਸ਼ਾਂ ਵੱਲੋਂ ਬੱਲੂਆਣਾ ਹਲਕੇ ਦੇ ਸੀਨੀਅਰ ਅਕਾਲੀ ਆਗੂ ਅਤੇ ਨੈਸ਼ਨਲ ਖਿਡਾਰੀ ਚੌਧਰੀ ਪ੍ਰਹਿਲਾਦ ਖਾਟਵਾਂ, ਸਾਬਕਾ ਚੇਅਰਮੈਨ ਉੱਤੇ ਘਰ ਦੇ ਬਾਹਰ ਅੰਨ੍ਹੇਵਾਹ ਗੋਲੀਆਂ ਚਲਾ ਕੇ ਹਮਲਾ ਕੀਤਾ ਗਿਆ ਹੈ। ਇਸ ਹਮਲੇ ਦੌਰਾਨ ਪ੍ਰਹਿਲਾਦ ਖਾਟਵਾਂ ਵਾਲ-ਵਾਲ ਬਚ ਗਏ।

ਹਮਲੇ ਦੀ ਸੂਚਨਾ ਮਿਲਣ ਉੱਤੇ ਆਈ ਜੀ ਮੁਖਵਿੰਦਰ ਸਿੰਘ ਛੀਨਾ, ਜ਼ਿਲਾ ਪੁਲਸ ਮੁਖੀ ਭੁਪਿੰਦਰ ਸਿੱਧੂ ਅਤੇ ਹੋਰ ਪੁਲਸ ਅਧਿਕਾਰੀਆਂ ਨੇ ਆਣ ਕੇ ਸਾਰੀ ਘਟਨਾ ਦਾ ਜਾਇਜ਼ਾ ਲਿਆ। ਆਈ ਜੀ ਮੁਖਵਿੰਦਰ ਸਿੰਘ ਛੀਨਾ ਨੇ ਦੱਸਿਆ ਕਿ ਪ੍ਰਹਿਲਾਦ ਖਾਟਵਾਂ ਸਵੇਰੇ ਆਪਣੇ ਪਿੰਡ ਘਰ ਦੇ ਬਾਹਰ ਬੈਠੇ ਹੋਏ ਸਨ। ਇਸ ਦੌਰਾਨ ਸਕਾਰਪੀਓ ਗੱਡੀ 'ਤੇ ਪੰਜ ਜਣੇ ਆਏ ਅਤੇ ਉਨ੍ਹਾਂ ਨੇ ਆਉਂਦੇ ਸਾਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਦੇ ਜਵਾਬ 'ਚ ਪ੍ਰਹਿਲਾਦ ਖਾਟਵਾਂ ਤੇ ਉਨ੍ਹਾਂ ਦੇ ਗੰਨਮੈਨ ਨੇ ਵੀ ਗੋਲੀਆਂ ਚਲਾਈਆਂ ਤਾਂ ਗੈਂਗਸਟਰ ਫਰਾਰ ਹੋ ਗਏ ਅਤੇ ਸ਼ੇਰੇਵਾਲਾ ਪਿੰਡ ਕੋਲ ਉਨ੍ਹਾਂ ਦੀ ਗੱਡੀ ਖੇਤਾਂ ਵਿੱਚ ਪਲਟ ਗਈ। ਉਸ ਦੇ ਬਾਅਦ ਤਿੰਨ ਅਣਪਛਾਤੇ ਗੈਂਗਸਟਰ ਫਰਾਰ ਹੋ ਗਏ, ਪਰ ਅਬੋਹਰ ਨਿਵਾਸੀ ਜਤਿੰਦਰ ਪਾਲ ਸਿੰਘ ਪੁੱਤਰ ਸੁਰਿੰਦਰ ਪਾਲ ਸਿੰਘ ਨੂੰ ਫੜ ਲਿਆ ਗਿਆ। ਇਸ ਮੌਕੇ ਖੇਤਾਂ 'ਚ ਭੱਜਿਆ ਨਾਮੀ ਗੈਂਗਸਟਰ ਤੇ ਡਰੱਗ ਮਾਫੀਆ ਜਗਬੀਰ ਸਿੰਘ ਜੱਗੂ ਪਹਿਲਵਾਨ ਵਾਸੀ ਦਾਸੂਵਾਲ ਜ਼ਿਲਾ ਤਰਨ ਤਾਰਨ ਨੇ ਫੜੇ ਜਾਣ ਦੇ ਡਰ ਤੋਂ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ।

ਹਮਲਾਵਰ ਜਤਿੰਦਰ ਪਾਲ ਸਿੰਘ ਵੱਲੋਂ ਚਲਾਈ ਗੋਲੀ ਨਾਲ ਸ਼ੇਰੇਵਾਲਾ ਨਿਵਾਸੀ ਉਜਵਲ ਪੁੱਤਰ ਰਾਮ ਚੰਦਰ



ਤੇ ਹਰਿਕ੍ਰਿਸ਼ਨ ਪੁੱਤਰ ਆਸਾ ਰਾਮ ਨੂੰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਸਰਕਾਰੀ ਹਸਪਤਾਲ ਅਬੋਹਰ ਵਿਖੇ ਦਾਖਲ ਕਰਵਾਇਆ ਗਿਆ ਹੈ। ਆਈ ਜੀ ਨੇ ਦੱਸਿਆ ਕਿ ਬਦਮਾਸਾਂ ਦਾ ਯੂ ਐਸ ਏ ਮੇਡ ਪਿਸਟਲ, ਇਕ ਤੀਹ ਬੋਰ ਦਾ ਚੀਨੀ ਪਿਸਤੌਲ, 61 ਜ਼ਿੰਦਾ ਕਾਰਤੂਸ ਅਤੇ 78000 ਰੁਪਏ ਦੀ ਨਕਦੀ ਮਿਲੀ ਹੈ। ਭੱਜਣ ਵਾਲੇ ਤਿੰਨ ਗੈਂਗਸਟਰਾਂ ਬਾਰੇ ਪਤਾ ਲੱਗਾ ਹੈ ਕਿ ਉਹ ਰਾਜਸਥਾਨ ਤੋਂ ਆਏ ਸਨ। ਉਨ੍ਹਾਂ ਦੱਸਿਆ ਕਿ ਇਸ ਸਬੰਧ 'ਚ ਲਾਰੈਂਸ ਬਿਸ਼ਨੋਈ ਨੂੰ ਰਾਜਸਥਾਨ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਜਾਵੇਗਾ, ਜਿਸ ਨੇ ਜੇਲ੍ਹ 'ਚ ਬੈਠ ਕੇ ਸਾਜ਼ਿਸ਼ ਰਚੀ ਸੀ। ਮਰਨ ਵਾਲਾ ਜੱਗੂ ਪਹਿਲਵਾਨ ਪੁਲਸ ਹਿਰਾਸਤ 'ਚੋਂ ਫਰਾਰ ਹੋਇਆ ਸੀ ਅਤੇ ਉਸ ਖਿਲਾਫ ਕਈ ਕੇਸ ਦਰਜ ਸਨ।

ਪੁਲਸ ਨੇ ਪ੍ਰਹਿਲਾਦ ਖਾਟਵਾਂ ਨੂੰ ਸੁਰੱਖਿਆ ਹਾਸਲ ਕਰਵਾ ਦਿੱਤੀ ਹੈ ਤੇ ਉਸ ਦੇ ਬਿਆਨਾਂ 'ਤੇ ਗੈਂਗਸਟਰਾਂ ਖਿਲਾਫ ਧਾਰਾ 307 ਤੇ ਹੋਰ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਹੈ। ਆਈ ਜੀ ਨੇ ਦੱਸਿਆ ਕਿ ਫੜਿਆ ਗਿਆ ਗੈਂਗਸਟਰ ਜਤਿੰਦਰਪਾਲ ਸਿੰਘ ਪਹਿਲਾਂ ਲਾਰੈਂਸ ਬਿਸ਼ਨੋਈ ਨਾਲ ਪੜ੍ਹਦਾ ਰਿਹਾ ਸੀ। ਉਸ ਨੂੰ ਲਾਰੈਂਸ ਨੇ ਜੇਲ੍ਹ 'ਚੋਂ ਫੋਨ ਕਰਕੇ ਕਿਹਾ ਸੀ ਕਿ ਉਹ ਸ਼ੂਟਰ ਭੇਜ ਰਿਹਾ ਹੈ ਤੇ ਇਨ੍ਹਾਂ ਨੂੰ ਪ੍ਰਹਿਲਾਦ ਦੇ ਪਿੰਡ ਉਸ ਦੇ ਘਰ ਤੱਕ ਲੈ ਜਾਵੀਂ। ਪਤਾ ਲੱਗਾ ਹੈ ਕਿ ਪੁਲਸ ਮੁਕਾਬਲੇ 'ਚ ਪਹਿਲਾਂ ਮਾਰੇ ਗਏ ਗੈਂਗਸਟਰ ਅੰਕਿਤ ਭਾਦੂ ਨੇ ਪ੍ਰਹਿਲਾਦ ਖਾਟਵਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਉਸ ਦੇ ਪੁਲਸ ਮੁਕਾਬਲੇ ਪਿੱਛੋਂ ਲਾਰੈਂਸ ਨੇ ਇਹ ਸ਼ੂਟਰ ਭੇਜੇ ਸਨ।

## ਪਤਨੀ ਨੂੰ ਬੇਹੋਸ਼ ਕਰ ਕੇ ਲਿੰਗ ਬਦਲਵਾ ਕੇ ਕੁੜੀ ਤੋਂ ਮੁੰਡਾ ਬਣੇ 'ਪਤੀ' ਦੀ ਹੱਤਿਆ




ਜਗਰਾਓਂ, 5 ਅਗਸਤ (ਪੋਸਟ ਬਿਊਰੋ)- ਆਈ ਟੀ ਆਈ ਮੋਗਾ ਦੇ ਇੱਕ ਮੁਲਾਜ਼ਮ, ਜਿਹੜਾ ਆਪਣਾ ਲਿੰਗ ਬਦਲਵਾ ਕੇ ਕੁੜੀ ਤੋਂ ਮੁੰਡਾ ਬਣਿਆ ਸੀ, ਦੀ ਪਿੰਡ ਕੋਠੇ ਸ਼ੇਰਜੰਗ ਵਿੱਚ ਕੱਲ੍ਹ ਰਾਤ ਹੱਤਿਆ ਕਰ ਦਿੱਤੀ ਗਈ। ਜਦੋਂ ਇਹ ਹੱਤਿਆ ਕੀਤੀ ਗਈ, ਉਸ ਵੇਲੇ ਮ੍ਰਿਤਕ ਦੀ ਪਤਨੀ ਅਤੇ ਅੱਠ ਸਾਲਾ ਪੁੱਤਰ ਵੀ ਨੇੜੇ ਸੁੱਤੇ ਪਏ ਸਨ। ਜਸਬੀਰ ਸਿੰਘ ਪੁੱਤਰ ਨਾਹਰ ਸਿੰਘ ਦੀ ਪਤਨੀ ਦਲਜੀਤ ਕੌਰ ਦਾ ਕਹਿਣਾ ਹੈ ਕਿ ਰਾਤ ਤਿੰਨ ਚਾਰ ਅਣਪਛਾਤੇ ਵਿਅਕਤੀ ਘਰ ਵਿੱਚ ਦਾਖਲ ਹੋਏ ਅਤੇ ਪਹਿਲਾਂ ਉਸ ਦੇ ਸਿਰ 'ਚ ਡੰਡਾ ਮਾਰ ਕੇ ਉਨ੍ਹਾਂ ਨੇ ਉਸ ਨੂੰ ਬੇਹੋਸ਼ ਕਰ ਦਿੱਤਾ ਤੇ ਫਿਰ ਉਸੇ ਦੇ ਦੁਪੱਟੇ ਨਾਲ ਉਸ ਨੂੰ ਕੁਰਸੀ 'ਤੇ ਬੰਨ੍ਹ ਦਿੱਤਾ। ਇਸ ਤੋਂ ਬਾਅਦ ਉਕਤ ਵਿਅਕਤੀਆਂ ਨੇ ਉਸ ਦੇ ਪਤੀ ਦੀ ਚਾਕੂ ਨਾਲ ਹੱਤਿਆ ਕਰ ਦਿੱਤੀ। ਸਵੇਰੇ ਉਸ ਦੇ ਅੱਠ ਸਾਲਾ ਪੁੱਤਰ ਅਮਾਨਤ ਨੇ ਉਠਾਇਆ ਅਤੇ ਉਸ ਨੇ ਅਮਾਨਤ ਨੂੰ ਸਾਹਮਣੇ ਰਹਿੰਦੇ ਗੁਆਂਢੀਆਂ ਨੂੰ ਬੁਲਾਉਣ ਭੇਜਿਆ, ਜਿਨ੍ਹਾਂ ਨੇ ਇਸ ਕੇਸ ਦੀ ਪੁਲਸ ਨੂੰ ਸੂਚਨਾ ਦਿੱਤੀ। ਸੂਚਨਾ ਮਿਲਦੇ ਸਾਰ ਡੀ ਐਸ ਪੀ ਗੁਰਦੀਪ ਸਿੰਘ ਗੋਸਲ ਅਤੇ ਡੀ ਐਸ ਪੀ ਰਛਪਾਲ ਸਿੰਘ, ਐਂਟੀ ਨਾਰਕੋਟਿਕ ਸੈਲ, ਫੋਰਾਂਸਿਕ ਟੀਮ ਤੇ ਡਾਗ ਸੁਕੈਅਡ ਨਾਲ ਮੌਕੇ 'ਤੇ ਪਹੁੰਚੇ। ਪੁਲਸ ਨੂੰ ਮਾਮਲਾ ਸ਼ੱਕੀ ਲੱਗਦਾ ਹੈ। ਦਲਜੀਤ ਕੌਰ ਦੇ ਬਿਆਨਾਂ ਦੇ ਉਲਟ ਸੀ ਸੀ ਟੀ ਵੀ ਕੈਮਰਿਆਂ ਫੁਟੇਜ ਵਿੱਚ ਕਿਸੇ ਵੀ ਵਿਅਕਤੀ ਦੇ ਮੁਹੱਲੇ 'ਚ ਦਾਖਲ ਹੋਣ ਦੀਆਂ ਤਸਵੀਰਾਂ ਨਹੀਂ ਆਈਆਂ।

### ਫੂਲਕਾ ਨੇ ਦਿਤੀ ਧਮਕੀ:

## ਵਿਧਾਨ ਸਭਾ ਤੋਂ ਮੇਰਾ ਅਸਤੀਫ਼ਾ ਪ੍ਰਵਾਨ ਨਾ ਕੀਤਾ ਤਾਂ ਸੁਪਰੀਮ ਕੋਰਟ ਜਾਵਾਂਗਾ

ਚੰਡੀਗੜ੍ਹ, 5 ਅਗਸਤ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਸੀਨੀਅਰ ਵਿਧਾਇਕ ਤੇ ਉਘੇ ਵਕੀਲ ਹਰਵਿੰਦਰ ਸਿੰਘ ਫੂਲਕਾ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੂੰ ਚਿੱਠੀ ਲਿਖ ਕੇ ਧਮਕੀ ਦੇ ਦਿਤੀ ਹੈ ਕਿ ਦਸ ਮਹੀਨੇ ਪਹਿਲਾਂ ਦਿਤਾ ਹੋਇਆ ਉਨ੍ਹਾਂ ਦਾ ਅਸਤੀਫ਼ਾ ਅਜੇ ਵੀ ਪ੍ਰਵਾਨ ਨਾ ਕੀਤਾ ਤਾਂ ਉਹ ਸੁਪਰੀਮ ਕੋਰਟ ਜਾ ਕੇ ਸੰਵਿਧਾਨ ਰਾਹੀਂ ਸਭ ਤੋਂ ਉੱਚੀ ਅਦਾਲਤ ਤੋਂ ਨਿਰਦੇਸ਼ ਜਾਰੀ ਕਰਵਾਉਣਗੇ।



ਪੰਜਾਬ ਦੇ ਜ਼ਿਲਾ ਲੁਧਿਆਣਾ ਦੇ ਹਲਕਾ ਦਾਖਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਦਸਿਆ ਕਿ ਉਨ੍ਹਾਂ ਸਭ ਤੋਂ ਪਹਿਲਾਂ 12 ਅਕਤੂਬਰ 2018 ਨੂੰ ਸਪੀਕਰ ਨੂੰ ਲਿਖਤੀ ਚਿੱਠੀ ਵਿੱਚ ਅਸਤੀਫ਼ਾ ਭੇਜਿਆ ਸੀ। ਫਿਰ ਨਵੰਬਰ ਵਿਚ ਖ਼ੁਦ ਮਿਲ ਕੇ ਇਸ ਅਸਤੀਫ਼ੇ ਦੀ ਤਾਈਦ ਕੀਤੀ ਤੇ 2 ਸਤਰਾਂ ਦਾ ਲਿਖਤੀ ਅਸਤੀਫ਼ਾ ਸਪੀਕਰ ਨੂੰ ਸੌਂਪ ਕੇ ਕਿਹਾ ਸੀ ਕਿ ਉਨ੍ਹਾਂ ਉਤੇ ਕਿਸੇ ਦਾ ਦਬਾਅ ਕੋਈ ਨਹੀਂ ਹੈ। ਉਸ ਪਿੱਛੋਂ ਹਰਵਿੰਦਰ ਸਿੰਘ ਫੂਲਕਾ ਨੇ ਵਿਧਾਨ ਸਭਾ ਵਿੱਚ ਦੋ ਦਿਨਾਂ ਬਹਿਸ ਦੌਰਾਨ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰੀਪੋਰਟ ਉੱਤੇ ਚਰਚਾ ਵਿਚ ਹਿੱਸਾ ਲਿਆ ਤੇ ਇਸ ਸਾਲ ਫ਼ਰਵਰੀ ਵਿਚ ਬਜਟ ਸੈਸ਼ਨ ਦੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਵੀ ਵਿਧਾਨ ਸਭਾ ਵਲੋਂ ਮਤਾ ਪਾਸ ਕਰਨ ਵਿੱਚ ਵੀ ਵਿਧਾਇਕ ਵਜੋਂ ਅਹਿਮ ਭੂਮਿਕਾ ਰਹੀ ਸੀ। ਅੱਜ ਉਨ੍ਹਾ ਨੇ ਕਿਹਾ ਕਿ ਉਨ੍ਹਾਂ ਨੇ ਨਵੀਂ ਚਿੱਠੀ ਲਿਖ ਕੇ ਸਪੀਕਰ ਰਾਣਾ ਕੇ ਪੀ ਸਿੰਘ ਨੂੰ ਤਾੜਨਾ ਕੀਤੀ ਹੈ ਕਿ ਉਨ੍ਹਾਂ ਦੇ ਅਸਤੀਫ਼ੇ ਬਾਰੇ ਜਲਦੀ ਫ਼ੈਸਲਾ ਕਰ ਕੇ ਵਿਧਾਨ ਸਭਾ ਦੀ ਦਾਖਾ ਸੀਟ ਨੂੰ ਖ਼ਾਲੀ ਹੋਣ ਦਾ ਐਲਾਨ ਕਰਨ, ਤਾਂ ਕਿ ਇਸ ਹਲਕੇ ਦੀ ਉੱਪ ਚੋਣ ਜਲਾਲਾਬਾਦ ਤੇ ਫਗਵਾੜਾ ਸੀਟਾਂ ਦੇ ਨਾਲ ਹੀ ਕਰਵਾਈ ਜਾ ਸਕੇ। ਵਰਨਣ ਯੋਗ ਹੈ ਕਿ ਸਪੀਕਰ ਰਾਣਾ ਕੇ ਪੀ ਸਿੰਘ ਨੇ ਆਮ ਆਦਮੀ ਪਾਰਟੀ ਦੇ ਬਾਕੀ ਚਾਰ ਵਿਧਾਇਕਾਂ ਸੁਖਪਾਲ ਖਹਿਰਾ, ਬਲਦੇਵ ਸਿੰਘ ਜੈਤੋ, ਨਾਜ਼ਰ ਸਿੰਘ ਮਾਨਸ਼ਾਹੀਆ ਅਤੇ ਅਮਰਜੀਤ ਸੰਦੋਆ ਦੇ ਅਸਤੀਫ਼ੇ ਵੀ ਕਈ ਮਹੀਨਿਆਂ ਤੋਂ ਕਿਸੇ ਪਾਸੇ ਨਹੀਂ ਲਾਏ। ਵਿਰੋਧੀ ਧਿਰਾਂ ਦੋਸ਼ ਲਾ ਰਹੀਆਂ ਹਨ ਕਿ ਸਪੀਕਰ ਰਾਣਾ ਕੇ ਪੀ ਸਿੰਘ, ਦੋ-ਤਿਹਾਈ ਦੇ ਬਹੁਮਤ ਨਾਲ ਸਰਕਾਰ ਚਲਾ ਰਹੀ ਕਾਂਗਰਸ ਦਾ ਪੱਖ ਪੂਰ ਰਹੇ ਹਨ।

## ਬੱਸ ਹਾਦਸੇ ਵਿੱਚ ਇੱਕ ਬੱਚੇ ਸਣੇ ਦੋ ਮੌਤਾਂ, 20 ਜ਼ਖਮੀ

ਸ੍ਰੀ ਆਨੰਦਪੁਰ ਸਾਹਿਬ, 5 ਅਗਸਤ (ਪੋਸਟ ਬਿਊਰੋ)- ਕੱਲ੍ਹ ਸ਼ਾਮ ਆਨੰਦਪੁਰ ਸਾਹਿਬ ਤਹਿਸੀਲ ਦੇ ਚੰਗਰ ਇਲਾਕੇ ਦੇ ਪਿੰਡ ਕਾਹੀਵਾਲ ਤੋਂ ਹਿਮਾਚਲ ਪ੍ਰਦੇਸ਼ ਦੇ ਪਿੰਡ ਲਖਨੋ ਵਿੱਚ ਨਾਨਕਛੱਕ ਲਿਜਾ ਰਹੀ ਬੱਸ ਬੇਕਾਬੂ ਹੋ ਕੇ ਪਲਟ ਗਈ ਤਾਂ ਇਸ ਦੌਰਾਨ ਦੋ ਜਣਿਆਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ 20 ਸਣੇ ਜ਼ਖਮੀ ਹੋ ਗਏ।

ਆਨੰਦਪੁਰ ਸਾਹਿਬ ਤੋਂ 10 ਕਿਲੋਮੀਟਰ ਦੀ ਦੂਰ ਪਿੰਡ ਲਖੇੜ ਵਿੱਚ ਇਹ ਹਾਦਸਾ ਓਦੋਂ ਹੋਇਆ ਜਦੋਂ ਕਾਹੀਵਾਲ ਤੋਂ ਕਰਮ ਸਿੰਘ ਦਾ ਪਰਵਾਰ ਕੁਝ ਦੂਰ ਹਿਮਾਚਲ ਪ੍ਰਦੇਸ਼ ਵਿਚਲੇ ਪਿੰਡ ਲਖਨੋ ਵਿੱਚ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਜਾ ਰਿਹਾ ਸੀ। ਵਰਨਣ ਯੋਗ ਹੈ ਕਿ ਬੱਸ ਪੂਰੀ ਤਰ੍ਹਾਂ ਸਵਾਰੀਆਂ ਨਾਲ ਭਰੀ ਹੋਈ ਸੀ ਅਤੇ ਕਈ ਜਣੇ ਬੱਸ ਦੀ ਛੱਤ ਉੱਤੇ ਵੀ ਬੈਠੇ ਸਨ। ਇਸ ਦੌਰਾਨ ਜਦੋਂ ਬੱਸ ਪਿੰਡ ਲਖੇੜ ਦੇ ਨਜ਼ਦੀਕ ਪਹੁੰਚੀ ਤਾਂ ਡਰਾਈਵਰ ਬੱਸ ਦਾ ਸੰਤੁਲਨ ਗੁਆ ਬੈਠਿਆ ਤੇ ਬੱਸ ਡੂੰਘੀ ਖੱਡ ਵਿੱਚ ਜਾ ਡਿੱਗੀ।




ਹਾਦਸੇ ਦੌਰਾਨ 20 ਸਵਾਰੀਆਂ ਗੰਭੀਰ ਜ਼ਖਮੀ ਹੋ ਗਈਆਂ ਤੇ ਇਕ ਬੱਚੇ ਸਣੇ ਦੋ ਜਣਿਆਂ ਦੀ ਮੌਕੇ 'ਤੇ ਮੌਤ ਹੋ ਗਈ। ਪੁਲਸ ਪ੍ਰਸ਼ਾਸਨ ਦੀ ਮਦਦ ਨਾਲ ਜ਼ਖਮੀਆਂ ਨੂੰ ਐਂਬੂਲੈਂਸਾਂ ਤੇ ਕਾਰਾਂ ਰਾਹੀਂ ਭਾਈ ਜੈਤਾ ਜੀ ਸਿਵਲ ਹਸਪਤਾਲ 'ਚ ਲਿਆਂਦਾ ਗਿਆ। ਐਸ ਐਚ ਓ ਰਾਜਪਾਲ ਸਿੰਘ ਗਿੱਲ ਨੇ ਦੱਸਿਆ ਕਿ ਹਾਦਸੇ ਵਿੱਚ ਬੱਸ ਡਰਾਈਵਰ ਤੇ ਬੱਚਾ ਹਲਾਕ ਹੋ ਗਿਆ। ਡੀ ਐਸ ਪੀ ਦਵਿੰਦਰ ਸਿੰਘ, ਐਸ ਐਚ ਓ ਰਾਜਪਾਲ ਸਿੰਘ ਗਿੱਲ ਤੇ ਪੁਲਸ ਦੀ ਟੀਮ ਨੇ ਜ਼ਖਮੀਆਂ ਨੂੰ ਤੁਰੰਤ ਐਂਬੂਲੈਂਸਾਂ ਰਾਹੀਂ ਸਿਵਲ ਹਸਪਤਾਲ ਪਹੁੰਚਾਇਆ।

## ਚੰਡੀਗੜ੍ਹ ਵਿੱਚ ਡੈਪੂਟੇਸ਼ਨ ਮੁੱਦੇ ਤੋਂ ਕਿਰਨ ਖੇਰ ਤੇ ਅਕਾਲੀਆਂ ਵਿਚਕਾਰ ਖਹਿਬੜ

ਚੰਡੀਗੜ੍ਹ, 5 ਅਗਸਤ (ਪੋਸਟ ਬਿਊਰੋ)- ਕੇਂਦਰੀ ਸ਼ਾਸਿਤ ਪ੍ਰਦੇਸ਼ (ਯੂ ਟੀ) ਚੰਡੀਗੜ੍ਹ ਵਿੱਚ ਡੈਪੂਟੇਸ਼ਨ ਲਈ ਪੰਜਾਬ ਦੇ ਮਿਥੇ ਹੋਏ ਕੋਟੇ ਦੇ ਮੁੱਦੇ 'ਤੇ ਵਿਵਾਦ ਪੈਦਾ ਹੋ ਗਿਆ ਹੈ। ਚੰਡੀਗੜ੍ਹ ਤੋਂ ਭਾਰਤੀ ਜਨਤਾ ਪਾਰਟੀ ਦੀ ਪਾਰਲੀਮੈਂਟ ਮੈਂਬਰ ਕਿਰਨ ਖੇਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵੀ ਇਸ ਗੱਲ ਤੋਂ ਖਹਿਬੜ ਪੈ ਗਈ ਹੈ। ਵਰਨਣ ਯੋਗ ਹੈ ਕਿ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਲੀਮੈਂਟ ਮੈਂਬਰ ਜਸਬੀਰ ਸਿੰਘ ਗਿੱਲ (ਡਿੰਪਾ) ਨੇ 17 ਜੁਲਾਈ ਨੂੰ ਲੋਕ ਸਭਾ ਵਿੱਚ ਮੁੱਦਾ ਉਠਾਇਆ ਸੀ ਕਿ ਚੰਡੀਗੜ੍ਹ ਵਿੱਚ ਗੈਰ ਕਾਨੂੰਨੀ ਢੰਗ ਨਾਲ ਯੂ ਟੀ ਕੇਡਰ ਪੈਦਾ ਕਰ ਕੇ ਪੰਜਾਬ ਤੇ ਹਰਿਆਣਾ ਵਿਚਾਲੇ ਵੰਡਵੇਂ 60 ਅਤੇ 40 ਫੀਸਦੀ ਵਾਲੇ ਡੈਪੂਟੇਸ਼ਨ ਕੋਟੇ ਨੂੰ ਖੋਰਾ ਲਾਇਆ ਜਾ ਰਿਹਾ ਹੈ। ਇਸ ਦੇ ਜਵਾਬ ਵਿੱਚ ਚੰਡੀਗੜ੍ਹ ਤੋਂ ਭਾਰਤੀ ਜਨਤਾ ਪਾਰਟੀ ਦੀ ਪਾਰਲੀਮੈਂਟ ਮੈਂਬਰ ਕਿਰਨ ਖੇਰ ਨੇ ਲੋਕ ਸਭਾ ਵਿੱਚ ਕਿਹਾ ਕਿ ਜਸਬੀਰ ਸਿੰਘ ਡਿੰਪਾ ਨੇ ਨੇ ਗਲਤ ਬਿਆਨੀ ਕੀਤੀ ਹੈ ਕਿ ਪੰਜਾਬ ਰੀ-ਆਰਗੇਨਾਈਜ਼ੇਸ਼ਨ ਐਕਟ 1966 ਹੇਠ ਪੰਜਾਬ ਦੀ ਵੰਡ ਹੋਣ ਵੇਲੇ ਚੰਡੀਗੜ੍ਹ ਵਿੱਚ ਪੰਜਾਬ ਦੇ 60 ਫੀਸਦੀ ਤੇ ਹਰਿਆਣਾ ਦੇ 40 ਫੀਸਦੀ ਅਧਿਕਾਰੀ ਨਿਯੁਕਤ ਕਰਨ ਦਾ ਫੈਸਲਾ ਹੋਇਆ ਸੀ। ਕਿਰਨ ਖੇਰ ਨੇ ਕਿਹਾ ਕਿ ਐਕਟ ਵਿੱਚ ਅਜਿਹਾ ਕੋਈ ਫੈਸਲਾ ਕਿਤੇ ਨਹੀਂ ਹੋਇਆ। ਉਨ੍ਹਾ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਸਵਰਨ ਲਤਾ ਬਨਾਮ ਯੂਨੀਅਨ ਆਫ ਇੰਡੀਆ ਦੇ ਕੇਸ ਵਿੱਚ ਇਹ ਫੈਸਲਾ ਦਿੱਤਾ ਸੀ ਕਿ ਹਾਲੇ ਇਸੇ ਤਰ੍ਹਾਂ ਚੱਲਣ ਦਿੰਦੇ ਹਾਂ ਤੇ ਇਧਰੋਂ 60 ਫੀਸਦੀ ਤੇ ਉਧਰੋਂ 40 ਫੀਸਦੀ ਅਧਿਕਾਰੀ ਲਏ ਜਾਂਦੇ ਹਨ, ਪਰ ਭਵਿੱਖ ਵਿੱਚ ਚੰਡੀਗੜ੍ਹ ਯੂ ਟੀ ਦਾ ਆਪਣੇ ਆਪ ਕੇਡਰ ਬਣ ਜਾਵੇਗਾ। ਕਿਰਨ ਖੇਰ ਨੇ ਕਿਹਾ ਕਿ ਜਸਬੀਰ ਸਿੰਘ ਡਿੰਪਾ ਦਾ ਇਹ ਕਹਿਾ ਗਲਤ ਹੈ ਕਿ ਚੰਡੀਗੜ੍ਹ ਦਾ ਯੂ ਟੀ ਕੇਡਰ ਗੈਰ ਕਾਨੂੰਨੀ ਢੰਗ ਨਾਲ ਬਣਾਇਆ ਗਿਆ ਹੈ।

ਇਸ ਮੁੱਦੇ ਉੱਤੇ ਕਿਰਨ ਖੇਰ ਦੇ ਇਸ ਪੈਂਤੜੇ ਦਾ ਭਾਜਪਾ ਦੀ ਭਾਈਵਾਲ ਪਾਰਟੀ ਅਕਾਲੀ ਦਲ ਨੇ ਗੰਭੀਰ ਨੋਟਿਸ ਲਿਆ ਅਤੇ ਪਾਰਟੀ ਦੇ ਬੁਲਾਰੇ ਤੇ ਸਾਬਕਾ ਸਿੱਖਿਆ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ ਨੇ ਕਿਹਾ, 'ਕਿਰਨ ਖੇਰ ਨੇ ਪੰਜਾਬ ਦੇ ਡੈਪੂਟੇਸ਼ਨ ਕੋਟੇ ਬਾਰੇ ਗਲਤ ਸਟੈਂਡ ਲਿਆ ਹੈ ਅਤੇ



ਅਕਾਲੀ ਦਲ ਉਨ੍ਹਾਂ ਦਾ ਇਸ ਮੁੱਦੇ ਉਪਰ ਵਿਰੋਧ ਕਰੇਗਾ।' ਉਨ੍ਹਾਂ ਕਿਹਾ ਕਿ ਪੰਜਾਬ ਨਾਲ ਜੋ ਧੱਕਾ ਹੋਇਆ ਹੈ, ਕਿਰਨ ਖੇਰ ਨੂੰ ਉਸ ਦੇ ਇਤਿਹਾਸ ਉਪਰ ਝਾਤੀ ਮਾਰ ਕੇ ਪਾਰਲੀਮੈਂਟ ਵਿੱਚ ਸਹੀ ਤੱਥ ਬੋਲਣਾ ਚਾਹੀਦਾ ਸੀ। ਡਾ. ਚੀਮਾ ਨੇ ਦੱਸਿਆ ਕਿ ਚੰਡੀਗੜ੍ਹ ਵਿੱਚ ਪੰਜਾਬ ਦੇ 60 ਫੀਸਦੀ ਡੈਪੂਟੇਸ਼ਨ ਦੇ ਕੋਟੇ ਨੂੰ ਖੋਰਾ ਲੱਗਣ ਦੇ ਵਿਰੋਧ ਲਈ ਉਹ ਕੁਝ ਸਮਾਂ ਪਹਿਲਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਕੇਂਦਰੀ ਗ੍ਰਹਿ ਵਿਭਾਗ ਨੂੰ ਮਿਲੇ ਸਨ ਤੇ ਭਾਰਤ ਸਰਕਾਰ ਨੇ ਪੰਜਾਬ ਦੇ 60 ਫੀਸਦੀ ਕੋਟੇ ਨੂੰ ਕਾਇਮ ਰੱਖਣ ਦਾ ਵਾਅਦਾ ਕੀਤਾ ਸੀ, ਪਰ ਕਿਰਨ ਖੇਰ ਹੋਰ ਤੱਥ ਪੇਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਚੰਡੀਗੜ੍ਹ ਵਿੱਚੋਂ ਪੰਜਾਬ ਦੇ ਕੋਟੇ ਨੂੰ ਖੋਰਾ ਨਹੀਂ ਲੱਗਣ ਦਿੱਤਾ ਜਾਵੇਗਾ। ਵਰਨਣ ਯੋਗ ਹੈ ਕਿ ਕਿਰਨ ਖੇਰ ਚੰਡੀਗੜ੍ਹ ਹਲਕੇ ਤੋਂ ਭਾਜਪਾ ਅਕਾਲੀ ਗੱਠਜੋੜ ਦੀ ਟਿਕਟ ਤੋਂ ਅਕਾਲੀ ਦਲ ਦੀ ਮਦਦ ਨਾਲ ਚੋਣ ਲੜ ਕੇ ਜਿੱਤੀ ਹੈ।

ਦੂਸਰੇ ਪਾਸੇ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਜਸਬੀਰ ਸਿੰਘ ਡਿੰਪਾ ਨੇ ਕਿਹਾ ਕਿ ਉਹ ਇਹ ਮੁੱਦਾ ਪਾਰਲੀਮੈਂਟ ਵਿੱਚ ਫਿਰ ਉਠਾਉਣਗੇ ਤੇ ਚੰਡੀਗੜ੍ਹ ਵਿੱਚ ਪੰਜਾਬ ਦੇ ਹੱਕਾਂ ਉੱਤੇ ਡਾਕਾ ਨਹੀਂ ਪੈਣ ਦੇਣਗੇ। ਉਨ੍ਹਾਂ ਕਿਹਾ ਕਿ ਕਿਰਨ ਖੇਰ ਅਕਾਲੀ ਦਲ ਦੀ ਮਦਦ ਨਾਲ ਜਿੱਤੀ ਹੈ ਤੇ ਪੰਜਾਬ ਦੇ ਹਿੱਤਾਂ ਵਿਰੁੱਧ ਸਟੈਂਡ ਲੈਣ ਲਈ ਪੰਜਾਬੀਆਂ ਨੂੰ ਉਸ ਦਾ ਸਮਾਜਿਕ ਬਾਈਕਾਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 28 ਪੰਜਾਬੀ ਪਿੰਡ ਉਜਾੜ ਕੇ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ ਸੀ ਅਤੇ ਅੱਜ ਪੰਜਾਬ ਦੇ ਡੈਪੂਟੇਸ਼ਨ ਕੋਟੇ ਨੂੰ ਖਤਮ ਕਰਨ ਦੀ ਸਾਜ਼ਿਸ਼ ਘੜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ 'ਚ ਮਾਂ ਬੋਲੀ ਪੰਜਾਬੀ ਨਾਲ ਵੀ ਧੱਕਾ ਕੀਤਾ ਜਾ ਰਿਹਾ ਹੈ।

ਚੰਡੀਗੜ੍ਹ ਤੋਂ ਕਾਂਗਰਸ ਦੇ ਸਾਬਕਾ ਪਾਰਲੀਮੈਂਟ ਮੈਂਬਰ ਪਵਨ ਕੁਮਾਰ ਬਾਂਸਲ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਦੇ ਅਫਸਰਾਂ ਲਈ ਮਿਥਿਆ ਕੋਟਾ ਕਾਇਮ ਰੱਖ ਕੇ ਚੰਡੀਗੜ੍ਹ ਲਈ ਯੂ ਟੀ ਦਾ ਰੁਤਬਾ ਕਾਇਮ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿੱਚ ਹੇਠਲੇ ਮੁਲਾਜ਼ਮਾਂ ਦੀ ਭਰਤੀ ਲਈ ਐਸ ਐਸ ਐਸ ਬੋਰਡ ਦਾ ਗਠਨ ਹੋਣਾ ਚਾਹੀਦਾ ਹੈ। ਭਾਜਪਾ ਚੰਡੀਗੜ੍ਹ ਦੇ ਪ੍ਰਧਾਨ ਸੰਜੇ ਟੰਡਨ ਨੇ ਇਸ ਮੁੱਦੇ 'ਤੇ ਕੁਝ ਵੀ ਬੋਲਣ ਤੋਂ ਇਨਕਾਰ ਕਰ ਦਿੱਤਾ।

## ਵਿਆਹੁਤਾ ਔਰਤ ਦੇ ਅਗਵਾ ਕੇਸ ਵਿੱਚ ਸਾਬਕਾ ਵਿਧਾਇਕ ਨੰਨੂ ਪੁਲਸ ਦੀ ਜਾਂਚ ਵਿੱਚ ਸ਼ਾਮਲ

ਫਿਰੋਜ਼ਪੁਰ, 5 ਅਗਸਤ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮ 'ਤੇ ਫਿਰੋਜ਼ਪੁਰ ਸ਼ਹਿਰ ਤੋਂ ਭਾਜਪਾ ਦੇ ਸਾਬਕਾ ਵਿਧਾਇਕ ਤੇ ਭਾਜਪਾ ਕਿਸਾਨ ਸੈਲ ਦੇ ਸੂਬਾ ਪ੍ਰਧਾਨ ਰਹਿ ਚੁੱਕੇ ਸੁਖਪਾਲ ਸਿੰਘ ਨੰਨੂ ਇੱਕ ਵਿਆਹੁਤਾ ਔਰਤ ਦੇ ਅਗਵਾ ਕਰਨ ਦੇ ਕੇਸ ਵਿੱਚ ਪੁਲਸ ਤਫਤੀਸ਼ 'ਚ ਸ਼ਾਮਲ ਹੋ ਗਏ ਹਨ। ਜ਼ਿਲਾ ਪੁਲਸ ਦੀ ਵਿਸ਼ੇਸ਼ ਟੀਮ ਨੇ ਪੁੱਛਗਿੱਛ ਪਿੱਛੋਂ ਸੁਖਪਾਲ ਸਿੰਘ ਨੰਨੂ ਦੇ ਜ਼ਮਾਨਤੀ ਮੁਚੱਲਕੇ ਭਰਵਾਏ ਹਨ।

ਮਿਲੀ ਜਾਣਕਾਰੀ ਅਨੁਸਾਰ ਜ਼ਿਲਾ ਫਿਰੋਜ਼ਪੁਰ ਦੇ ਥਾਣਾ ਆਰਿਫਕੇ ਵਿਖੇ ਸਤਨਾਮ ਸਿੰਘ ਪੁੱਤਰ ਸੁਖਵਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਸ਼ਾਦੀ ਨਵਪ੍ਰੀਤ ਕੌਰ ਪੁੱਤਰੀ ਸੁਖਵੰਤ ਸਿੰਘ ਵਾਸੀ ਚੱਕਵਾਲੀਆ ਥਾਣਾ ਖੇਮਕਰਨ, ਤਰਨ ਤਾਰਨ ਨਾਲ ਛੇ ਅਪ੍ਰੈਲ 2019 ਨੂੰ ਹੋਈ ਸੀ। 24 ਅਪ੍ਰੈਲ ਨੂੰ ਸਤਨਾਮ ਸਿੰਘ ਕਣਕ ਵੇਚਣ ਮੰਡੀ ਗਿਆ ਅਤੇ ਦੇਰ ਰਾਤ ਘਰ ਆ ਕੇ ਵੇਖਿਆ ਤਾਂ ਉਸ ਦੀ ਪਤਨੀ ਨਵਪ੍ਰੀਤ ਕੌਰ ਲਾਪਤਾ ਸੀ। ਬਾਅਦ 'ਚ ਪਤਾ ਲੱਗਾ ਕਿ ਸਾਬਕਾ ਵਿਧਾਇਕ ਸੁਖਪਾਲ ਸਿੰਘ ਨੰਨੂ ਵੀ ਨਵਪ੍ਰੀਤ ਕੌਰ ਦੇ ਸੰਪਰਕ ਵਿੱਚ ਸੀ।



ਪੁਲਸ ਨੇ ਜਾਂਚ ਉਪਰੰਤ ਨੰਨੂ ਨੂੰ ਨਵਪ੍ਰੀਤ ਕੌਰ ਦੇ ਅਗਵਾ ਮਾਮਲੇ ਵਿੱਚ ਨਾਮਜ਼ਦ ਕਰ ਲਿਆ ਅਤੇ 27 ਅਪ੍ਰੈਲ ਨੂੰ ਇਸ ਬਾਰੇ ਕੇਸ ਦਰਜ ਕੀਤਾ ਸੀ। ਸੁਖਪਾਲ ਸਿੰਘ ਨੰਨੂ ਵੱਲੋਂ ਅਗਵਾ ਦੱਸੀ ਜਾਂਦੀ ਨਵ-ਵਿਆਹੁਤਾ ਨਵਪ੍ਰੀਤ ਕੌਰ ਨੇ ਹਾਈ ਕੋਰਟ 'ਚ ਅਰਜ਼ੀ ਦੇ ਕੇ ਦੱਸਿਆ ਹੈ ਕਿ ਨੰਨੂ ਨੇ ਉਸ ਨੂੰ ਅਗਵਾ ਨਹੀਂ ਕੀਤਾ, ਉਹ ਆਪਣੇ ਪਤੀ ਤੇ ਪੇਕੇ ਪਰਵਾਰ ਨਾਲ ਨਹੀਂ ਰਹਿਣਾ ਚਾਹੁੰਦੀ। ਕੱਲ੍ਹ ਦੁਪਹਿਰ ਥਾਣੇ ਪਹੁੰਚਣ ਦੇ ਬਾਅਦ ਜ਼ਿਲਾ ਪੁਲਸ ਦੀ ਵਿਸ਼ੇਸ਼ ਟੀਮ ਨੇ ਐਸ ਪੀ ਮਨਮਿੰਦਰ ਸਿੰਘ ਦੀ ਅਗਵਾਈ ਵਿੱਚ ਸਾਬਕਾ ਵਿਧਾਇਕ ਪਾਸੋਂ ਮੋਬਾਈਲ ਦੀ ਵਰਤੋਂ ਅਤੇ ਗੱਡੀ ਆਦਿ ਬਾਰੇ ਪੁੱਛਗਿੱਛ ਕੀਤੀ। ਥਾਣਾ ਆਰਿਫਕੇ ਦੇ ਮੁਖੀ ਗੁਰਦੇਵ ਸਿੰਘ ਨੇ ਸਾਬਕਾ ਵਿਧਾਇਕ ਦੇ ਪੁਲਸ ਤਫਤੀਸ਼ 'ਚ ਸ਼ਾਮਲ ਹੋਣ ਦੀ ਪੁਸ਼ਟੀ ਕੀਤੀ ਹੈ।

## ਪਤਨੀ ਦੀ ਯਾਦ ਵਿੱਚ ਸੰਗਮਰਮਰ ਦਾ ਬੁੱਤ ਬਣਵਾ ਲਿਆ

ਚੰਡੀਗੜ੍ਹ, 5 ਅਗਸਤ (ਪੋਸਟ ਬਿਊਰੋ)- ਸ਼ਾਹਜਹਾਂ ਦੀ ਆਪਣੀ ਪਤਨੀ ਮੁਮਤਾਜ ਨਾਲ ਏਨੀ ਮੁਹੱ-ਬਤ ਸੀ ਕਿ ਮੁਮਤਾਜ ਦੀ ਮੌਤ ਤੋਂ ਬਾਅਦ ਸ਼ਾਹਜਹਾਂ ਨੇ ਉਸ ਦੀ ਯਾਦ ਵਿੱਚ ਤਾਜ ਮਹੱਲ ਬਣਵਾ ਦਿੱਤਾ ਸੀ। ਚੰਡੀਗੜ੍ਹ ਦੇ ਵਿਜੇ ਕੁਮਾਰ ਨੇ ਵੀ ਮੁਹੱਬਤ ਦੇ ਮਾਮਲੇ ਸ਼ਾਹਜਹਾਂ ਵਰਗਾ ਕੰਮ ਕਰ ਵਿਖਾਇਆ ਹੈ। 70 ਸਾਲਾ ਕਾਰੋਬਾਰੀ ਵਿਜੇ ਕੁਮਾਰ ਨੇ ਆਪਣੀ ਪਤਨੀ ਵੀਣਾ ਦੀ ਯਾਦ ਵਿੱਚ 1100 ਕਿੱਲੋ ਦੀ ਸੰਗਮਰਮਰ ਦੀ ਮੂਰਤੀ ਬਣਵਾਈ ਹੈ, ਜਿਸ ਦਾ ਆਕਾਰ ਉਸ ਦੇ ਸਵਰਗਵਾਸੀ ਪਤਨੀ ਦੇ ਕੱਦ ਜਿੰਨਾ ਹੈ। ਇਹੀ ਨਹੀਂ ਪਤਨੀ ਨੂੰ ਹੋਏ ਕੈਂਸਰ ਦਾ ਪਤਾ ਲੱਗਣ ਉੱਤੇ ਵਿਜੇ ਕੁਮਾਰ ਨੇ ਉਸ ਲਈ ਪੰਜ ਕਿਤਾਬਾਂ ਵੀ ਲਿਖੀਆਂ। ਚੰਡੀਗੜ੍ਹ ਦੇ ਵਾਸੀ ਵਿਜੇ ਕੁਮਾਰ ਅਤੇ ਉਸ ਦੀ ਪਤਨੀ ਵੀਣਾ ਦੀ ਮੁਹੱਬਤ ਏਨੀ ਸੀ ਕਿ ਉਹ ਆਪਣੀ ਪਤਨੀ ਦੇ ਦਿਹਾਂਤ ਦੇ ਸਦਮੇ ਵਿੱਚੋਂ ਬਾਹਰ ਨਹੀਂ ਨਿਕਲ ਸਕੇ ਅਤੇ ਆਪਣੀ ਪਤਨੀ ਦੇ ਬੁੱਤ ਨੂੰ ਸਾਥੀ ਮੰਨ ਲਿਆ ਹੈ। ਇਸ ਲਈ ਉਸ ਨੇ ਰਾਜਸਥਾਨ ਦਾ ਦੌਸਾ ਤੋਂ ਚਿੱਟਾ ਸੰਗਮਰਮਰ ਮੰਗਵਾ ਕੇ ਪਤਨੀ ਦਾ 1100 ਕਿੱਲੋ ਦਾ ਬੁੱਤ ਬਣਵਾਇਆ ਹੈ।

## ਭਾਰਤ ਫੌਜ ਦੀ ਵੱਡੀ ਕਾਰਵਾਈ:

# ਪਾਕਿ ਖੇਤਰ ਦੇ 30 ਕਿਲੋਮੀਟਰ ਅੰਦਰ ਪਹੁੰਚ ਕੇ ਅੱਤਵਾਦੀ ਅੱਡੇ ਤੋੜੇ ਗਏ

### * ਬੈਟ ਕਮਾਂਡੋ ਦਾ ਟੋਲਾ ਵੀ ਮਾਰ ਦਿੱਤਾ ਗਿਆ

ਨਵੀਂ ਦਿੱਲੀ, 5 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਸਰਕਾਰ ਵੱਲੋਂ ਅਮਰਨਾਥ ਯਾਤਰਾ ਦੇ ਸ਼ਰਧਾਲੂਆਂ ਅਤੇ ਹੋਰ ਟੂਰਿਸਟਾਂ ਨੂੰ ਇਸ ਰਾਜ ਵਿੱਚੋਂ ਛੇਤੀ ਵਾਪਸ ਚਲੇ ਜਾਣ ਦੀ ਹਦਾਇਤ ਜਾਰੀ ਕੀਤੇ ਜਾਣ ਪਿੱਛੋਂ ਭਾਰਤੀ ਫੌਜ ਨੇ ਪੀ ਓ ਕੇ (ਪਾਕਿਸਤਾਨ ਆਕੂਪਾਈਡ ਕਸ਼ਮੀਰ) ਵਾਲੇ ਖੇਤਰ ਦੇ ਕਰੀਬ 30 ਕਿਲੋਮੀਟਰ ਅੰਦਰ ਤੱਕ ਜਾ ਕੇ ਕੁਝ ਅੱਤਵਾਦੀ ਅੱਡੇ ਤਬਾਹ ਕਰ ਦਿੱਤੇ ਹਨ। ਇੱਕ ਪ੍ਰਮੁੱਖ ਟੀ ਵੀ ਚੈਨਲ ਦੇ ਸੂਤਰਾਂ ਮੁਤਾਬਕ ਭਾਰਤ ਵਲੋਂ ਕੀਤੀ ਗਈ ਇਸ ਕਾਰਵਾਈ ਦੌਰਾਨ ਉਸ ਖੇਤਰ ਵਿੱਚ ਨੀਲਮ-ਜੇਹਲਮ ਹਾਈਡਰੋ ਪਾਵਰ ਪ੍ਰੋਜੈਕਟ ਦਾ ਵੀ ਨੁਕਸਾਨ ਹੋਇਆ ਹੈ।




ਉੱਚ ਪੱਧਰੀ ਸੂਤਰਾਂ ਮੁਤਾਬਕ ਕੱਲ੍ਹ ਅਤੇ ਭਾਰਤੀ ਫੌਜ ਦੇ ਇਸ ਹਮਲੇ ਵਿੱਚ ਐੱਨ ਜੇ ਐੱਚ ਪੀ (ਨੀਲਮ-ਜੇਹਲਮ ਹਾਈਡਰੋ ਪਾਵਰ ਪ੍ਰੋਜੈਕਟ) ਦਾ ਵੱਧ ਨੁਕਸਾਨ ਹੋਇਆ ਹੈ। ਨੀਲਮ-ਜੇਹਲਮ ਪਾਵਰ ਪਲਾਟ ਤੋਂ ਕਰੀਬ 400-500 ਮੈਗਾਵਾਟ ਬਿਜਲੀ ਉਤਪਾਦਨ ਹੁੰਦਾ ਅਤੇ ਪਾਕਿਸਤਾਨ ਵਿੱਚ ਪੰਜਾਬ ਅਤੇ ਐੱਲ ਓ ਸੀ (ਕੰਟਰੋਲ ਰੇਖਾ) ਤੇ ਹੋਰ ਨੇੜਲੇ ਇਲਾਕਿਆਂ ਵਿੱਚ ਬਿਜਲੀ ਸਪਲਾਈ ਹੁੰਦੀ ਹੈ। ਜਾਣਕਾਰ ਸੂਤਰਾਂ ਮੁਤਾਬਕ ਨੀਲਮ-ਜੇਹਲਮ ਡੈਮ ਦਾ ਵੱਡਾ ਹਿੱਸਾ ਇਸ ਹਮਲੇ ਨਾਲ ਨੁਕਸਾਨਿਆ ਗਿਆ, ਪਰ ਡੈਮ ਨੂੰ ਕਿੰਨਾ ਨੁਕਸਾਨ ਪਹੁੰਚਿਆ, ਇਸ ਦੀ ਪੁਸ਼ਟੀ ਹਾਲੇ ਨਹੀਂ ਹੋ ਸਕੀ। ਇਸ ਡੈਮ ਦੇ ਵੱਧ ਨੁਕਸਾਨ ਨਾਲ ਪਾਕਿਸਤਾਨ ਦੇ ਪੰਜਾਬ ਰਾਜ ਦੇ ਨਾਲ ਪਾਕਿਸਤਾਨੀ ਕਬਜ਼ੇ ਵਾਲੇ ਕੰਟਰੋਲ ਰੇਖਾ ਨੇੜਲੇ ਕਈ ਕਸ਼ਮੀਰੀ ਖੇਤਰ ਹਨੇਰੇ ਵਿੱਚ ਡੁੱਬ ਸਕਦੇ ਹਨ।ਸ਼ਨੀਵਾਰ ਨੂੰ ਭਾਰਤੀ ਫੌਜ ਨੇ ਕਿਹਾ ਕਿ ਅੱਤਵਾਦੀਆਂ ਦੀ ਘੁਸਪੈਠ ਕਰਾਉਣ ਲਈ ਪਾਕਿਸਤਾਨੀ ਫੌਜ ਬੜੀ ਵਾਰ ਕੋਸ਼ਿਸ਼ਾਂ ਕਰਦੀ ਅਤੇ ਹਥਿਆਰ ਦੇ ਕੇ ਉਨ੍ਹਾਂ ਨੂੰ ਪਾਰ ਲੰਘਾਉਂਦੀ ਹੈ। ਇਸ ਬਾਰੇ ਭਾਰਤੀ ਫੌਜ ਨੇ ਕਈ ਵਾਰ ਫੌਜੀ ਮੀਟਿੰਗਾਂ ਵਿੱਚ ਕਿਹਾ ਹੈ ਕਿ ਪਾਕਿਸਤਾਨੀ ਫੌਜ ਨੂੰ ਇਹ ਹਰਕਤਾਂ ਰੋਕਣੀਆਂ ਚਾਹੀਦੀਆਂ ਹਨ ਤੇ ਜੇ ਨਹੀਂ ਰੁਕਦੀਆਂ ਤਾਂ ਭਾਰਤੀ ਫੌਜ ਨੂੰ ਇਸ ਦੇ ਖਿਲਾਫ ਕਾਰਵਾਈ ਕਰਨ ਦਾ ਅਧਿਕਾਰ ਹੈ।

ਇਸ ਦੌਰਾਨ ਅੱਜ ਜੰਮੂ-ਕਸ਼ਮੀਰ ਦੇ ਕੁਪਵਾੜਾ ਜ਼ਿਲੇ ਵਿੱਚ ਸੁਰੱਖਿਆ ਬਲਾਂ ਨੂੰ ਵੱਡੀ ਕਾਮਯਾਬੀ ਮਿਲੀ ਤੇ ਓਥੇ ਭਾਰਤੀ ਫ਼ੌਜ ਦੇ ਜਵਾਨਾਂ ਨੇ ਕੇਰਨ ਸੈਕਟਰ ਵਿੱਚ ਪਾਕਿਸਤਾਨ ਦੀ ਬਾਰਡਰ ਐਕਸ਼ਨ ਟੀਮ (ਬੈਟ) ਦੇ ਕਮਾਂਡੋਜ਼ ਵੱਲੋਂ ਕੀਤੀ ਜਾ ਰਹੀ ਘੁਸਪੈਠ ਦੀ ਵੱਡੀ ਕੋਸ਼ਿਸ਼ ਨਾਕਾਮ ਕਰ ਦਿੱਤੀ ਹੈ। ਸੁਰੱਖਿਆ ਫੋਰਸਾਂ ਨੇ ਪਿਛਲੇ 36 ਘੰਟਿਆਂ ਵਿੱਚ ਪੰਜ ਤੋਂ ਵੱਧ ਪਾਕਿਸਤਾਨੀ ਬੈਟ ਕਮਾਂਡੋਜ਼ ਅਤੇ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ। ਇਸ ਸੈਕਟਰ ਦੇ ਕੇਲ ਕੁੱਲੀਆਂ ਇਲਾਕੇ ਤੋਂ ਪਾਕਿਸਤਾਨੀ ਫ਼ੌਜ ਦੇ ਬੈਟ ਕਮਾਂਡੋਜ਼ ਨੇ ਭਾਰਤ ਦੀ ਇਕ ਐਡਵਾਂਸ ਪੋਸਟ ਉੱਤੇ ਹਮਲਾ ਕਰਨ ਦੇ ਲਈ ਕੰਟਰੋਲ ਲਾਈਨ ਪਾਰ ਕੀਤੀ ਤਾਂ ਭਾਰਤੀ ਚੈੱਕ-ਪੋਸਟ ਵਿਚਲੇ ਜਵਾਨਾਂ ਨੇ ਬੈਟ ਕਮਾਂਡੋਜ਼ ਨੂੰ ਦੇਖ ਲਿਆ। ਜਦੋਂ ਬੈਟ ਕਮਾਂਡੋਜ਼ ਅੱਗੇ ਵਧ ਕੇ ਕੰਟਰੋਲ ਰੇਖਾ ਨੂੰ ਟੱਪੇ ਤਾਂ ਭਾਰਤੀ ਜਵਾਨਾਂ ਨੇ ਫਾਇਰਿੰਗ ਕਰ ਕੇ ਉਨ੍ਹਾਂ ਨੂੰ ਮਾਰ ਦਿੱਤਾ। ਭਾਰਤੀ ਫ਼ੌਜ ਨੇ ਮਾਰੇ ਗਏ ਬੈਟ ਕਮਾਂਡੋਜ਼ ਅਤੇ ਅੱਤਵਾਦੀਆਂ ਵਿੱਚੋਂ ਚਾਰ ਦੀਆਂ ਸੈਟੇਲਾਈਟ ਫੋਟੋ ਵੀ ਜਾਰੀ ਕੀਤੀਆਂ ਹਨ।

## ਆਈ ਆਈ ਟੀ ਡਿਗਰੀਆਂ ਵਾਲੇ ਨੌਜਵਾਨ ਡਿਟਰਜੈਂਟ ਵੇਚਣ ਦੇ ਲਈ ਨਹੀਂ ਹੁੰਦੇ: ਮੁਕਰਜੀ

ਨਵੀਂ ਦਿੱਲੀ, 5 ਅਗਸਤ (ਪੋਸਟ ਬਿਊਰੋ)- ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਕਿਹਾ ਹੈ ਕਿ ਆਈ ਆਈ ਟੀ ਵਰਗੇ ਮੋਹਰੀ ਇੰਜੀਨੀਅਰਿੰਗ ਸੰਸਥਾਵਾਂ ਤੋਂ ਨਿਕਲਣ ਵਾਲੇ ਨੌਜਵਾਨ ਬਹੁ ਰਾਸ਼ਟਰੀ ਕੰਪਨੀਆਂ ਦੇ ਡਿਟਰਜੈਂਟ ਵੇਚਣ ਵਾਸਤੇ ਨਹੀਂ ਹਨ, ਦੇਸ਼ ਨੂੰ ਉਨ੍ਹਾਂ ਦੀ ਜ਼ਰੂਰਤ ਕੁਝ ਦੂਜੇ ਅਹਿਮ ਕੰਮਾਂ ਲਈ ਹੈ।



ਸਾਬਕਾ ਰਾਸ਼ਟਰਪਤੀ ਕੱਲ੍ਹ ਇੰਡੀਅਨ ਮੈਨੇਜਮੈਂਟ ਕਾਨਕਲੇਵ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਕਿਸੇ ਕੰਪਨੀ ਦੇ ਉਤਪਾਦ ਦੀ ਵਿਕਰੀ ਵਧਾਉਣ ਦਾ ਕੰਮ ਕੋਈ ਵੀ ਕਰ ਸਕਦਾ ਹੈ। ਉਸ ਲਈ ਆਈ ਆਈ ਟੀ ਡਿਗਰੀ ਦੇ ਟੈਲੇਂਟ, ਗਿਆਨ ਅਤੇ ਮੈਰਿਟ ਦੀ ਕੀ ਜ਼ਰੂਰਤ ਹੈ।ਬੁਨਿਆਦੀ ਖੋਜ ਨੂੰ ਬੜ੍ਹਾਵਾ ਦੇਣ 'ਤੇ ਬਲ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਬਦਕਿਸਮਤੀ ਨਾਲ ਸਾਡੇ ਨੌਜਵਾਨ ਇਸ ਪਾਸੇ ਧਿਆਨ ਨਹੀਂ ਦਿੰਦੇ। ਮੁਖਰਜੀ ਨੇ ਕਿਹਾ ਕਿ ਰਾਸ਼ਟਰਪਤੀ ਬਣਨ ਤੋਂ ਪਹਿਲੇ ਸਾਲ ਜਦੋਂ ਉਹ ਇਕ ਆਈ ਆਈ ਟੀ ਦੇ ਡਿਗਰੀ ਵੰਡ ਸਮਾਗਮ ਵਿੱਚ ਗਏ ਤਾਂ ਉਥੇ ਡਾਇਰੈਕਟਰ ਤੋਂ ਪੁੱਛਿਆ ਸੀ ਕਿ ਕੀ ਕਿਸੇ ਵਿਦਿਆਰਥੀ ਨੇ ਬੁਨਿਆਦੀ ਖੋਜ ਜਾਂ ਸਿੱਖਿਆ ਦੇ ਖੇਤਰ ਵਿੱਚ ਕੰਮ ਕਰਨ ਦਾ ਫੈਸਲਾ ਕੀਤਾ ਹੈ, ਉਦੋਂ ਡਾਇਰੈਕਟਰ ਕੋਲ ਕੋਈ ਜਵਾਬ ਨਹੀਂ ਸੀ।ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਈਸਾ ਤੋਂ ਪਹਿਲਾਂ ਦੀ ਛੇਵੀਂ ਸਦੀ ਤੋਂ 12ਵੀਂ ਸਦੀ (ਏਡੀ) ਤੱਕ 1800 ਸਾਲਾਂ ਤੱਕ ਭਾਰਤ ਉਚ ਸਿੱਖਿਆ ਦੇ ਖੇਤਰ ਵਿੱਚ ਦੁਨੀਆ ਵਿੱਚ ਮੋਹਰੀ ਰਿਹਾ ਹੈ। ਇਥੇ ਤਕਸ਼ਿਲਾ, ਨਾਲੰਦਾ ਤੇ ਵਿਕਰਮਸ਼ਿਲਾ ਵਰਗੀਆਂ ਯੂਨੀਵਰਸਿਟੀਆਂ ਸਨ, ਜਿਥੇ ਵਿਦੇਸ਼ੀ ਵਿਦਿਆਰਥੀ ਸਿੱਖਿਆ ਹਾਸਲ ਕਰਨ ਆਉਂਦੇ ਸਨ, ਪਰ ਅੱਜ ਹਾਲਾਤ ਉਲਟ ਹਨ, ਸਾਡੇ ਦੇਸ਼ ਦੇ ਨੌਜਵਾਨ ਉਚ ਸਿੱਖਿਆ ਹਾਸਲ ਕਰਨ ਲਈ ਵਿਦੇਸ਼ ਜਾ ਰਹੇ ਹਨ।ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਸਾਡੇ ਦੇਸ਼ ਵਿੱਚ ਵਿਦਿਆਰਥੀਆਂ ਨੂੰ ਸਭ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਪਰ ਨੌਜਵਾਨ ਵਰਗ ਉਚੇਰੀ ਸਿੱਖਿਆ ਹਾਸਲ ਕਰਨ ਲਈ ਵਿਦੇਸ਼ ਜਾਣ ਨੂੰ ਪਹਿਲ ਦੇ ਰਿਹਾ ਹੈ, ਜਿਸ ਨਾਲ ਦੇਸ਼ ਵਿੱਚ ਉਚ ਤਕਨੀਕੀ ਮੁਹਾਰਤ ਦੀ ਘਾਟ ਸਾਫ ਰੜਕਦੀ ਦਿਸ ਰਹੀ ਹੈ।

ਪ੍ਰਣਾਬ ਮੁਖਰਜੀ ਨੇ ਕਿਹਾ ਕਿ ਦੇਸ਼ ਵਿੱਚ ਇਕ ਹਜ਼ਾਰ ਤੋਂ ਵੱਧ ਯੂਨੀਵਰਸਿਟੀਆਂ, 36 ਹਜ਼ਾਰ ਤੋਂ ਵੱਧ ਕਾਲਜ, ਅੱਠ ਤੋਂ ਵੱਧ ਕੇ 16 ਆਈ ਆਈ ਟੀ, 30 ਐਨ ਆਈ ਟੀ, ਕਈ ਆਈ ਆਈ ਸੀ ਤੇ ਮੈਨੇਜਮੈਂਟ ਇੰਸਟੀਚਿਊਟ ਖੁੱਲ੍ਹ ਗਏ ਹਨ, ਪਰ ਬਦਕਿਸਮਤੀ ਨਾਲ ਦੁਨੀਆ ਦੀਆਂ ਟਾਪ-200 ਯੂਨੀਵਰਸਿਟੀਆਂ ਵਿੱਚ ਭਾਰਤ ਦੀ ਇਕ ਵੀ ਸ਼ਾਮਲ ਨਹੀਂ ਹੈ। ਬੁਨਿਆਦੀ ਖੋਜ 'ਤੇ ਸਾਡੇ ਇਥੇ ਕੰਮ ਨਹੀਂ ਹੁੰਦਾ। ਅਜਿਹਾ ਨਹੀਂ ਹੈ ਕਿ ਸਾਡੇ ਦੇਸ਼ ਵਿੱਚ ਪ੍ਰਤਿਭਾ ਦੀ ਕਮੀ ਹੈ, ਬਲਕਿ ਮਾਹੌਲ ਉਸ ਤਰ੍ਹਾਂ ਦਾ ਨਹੀਂ ਹੈ, ਜਿਥੇ ਖੋਜ ਨੂੰ ਬੜ੍ਹਾਵਾ ਮਿਲ ਸਕੇ।

## ਪਸੰਦੀਦਾ ਅਦਾਕਾਰਾ ਨੂੰ ਮਿਲਣ ਲਈ ਪ੍ਰਸ਼ੰਸਕ ਨੇ 60 ਲੱਖ ਲੁਟਾਏ

ਨਵੀਂ ਦਿੱਲੀ, 5 ਅਗਸਤ (ਪੋਸਟ ਬਿਊਰੋ)- ਇਕ ਪ੍ਰਸ਼ੰਸਕ ਵੱਲੋਂ ਆਪਣੀ ਪਸੰਦੀਦਾ ਅਦਾਕਾਰਾ ਨੂੰ ਮਿਲਣ ਲਈ ਜਨੂੰਨ ਦਾ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਥੇ ਪ੍ਰਸ਼ੰਸਕ ਨੇ ਅਦਾਕਾਰਾ ਨੂੰ ਮਿਲਣ ਲਈ 60 ਲੱਖ ਦਾ ਨੁਕਸਾਨ ਵੀ ਸਹਿਣ ਕੀਤਾ ਅਤੇ ਧੋਖਾਧੜੀ ਦਾ ਸ਼ਿਕਾਰ ਹੋਇਆ ਹੈ। ਦੱਖਣੀ ਭਾਰਤ ਸਿਨੇਮਾ ਦੀ ਪ੍ਰਸਿੱਧ ਅਦਾਕਾਰਾ ਕਾਜਲ ਅਗਰਵਾਲ ਦੇ ਰਾਮਾਨਾਥਪੁਰਮ ਵਾਸੀ ਇਕ ਪ੍ਰਸ਼ੰਸਕ ਨਾਲ ਇਹ ਘਟਨਾ ਵਾਪਰੀ। ਇਹ ਪ੍ਰਸ਼ੰਸਕ ਆਪਣੀ ਪਸੰਦੀਦਾ ਅਦਾਕਾਰਾ ਨਾਲ ਮਿਲਣਾ ਚਾਹੁੰਦਾ ਸੀ। ਉਸ ਦੀ ਇਸ ਕਮਜ਼ੋਰੀ ਨੂੰ ਜਾਣ ਕੇ ਕਿਸੇ ਨੂੰ ਉਸ ਨੂੰ ਕਾਜਲ ਅਗਰਵਾਲ ਨੂੰ ਮਿਲਵਾਉਣ ਦਾ ਵਾਅਦਾ ਕਰਕੇ ਉਸ ਨਾਲ ਕਰੀਬ 60 ਲੱਖ ਦੀ ਧੋਖਾਧੜੀ ਕੀਤੀ। ਇਕ ਵੈਬਸਾਈਟ ਦੀ ਖਬਰ ਅਨੁਸਾਰ ਇਸ ਪ੍ਰਸ਼ੰਸਕ ਨੇ ਮੁਲਾਕਾਤ ਲਈ ਇੰਟਰਨੈਟ 'ਤੇ ਖੋਜ ਕੀਤੀ, ਜਿਥੇ ਇਕ ਵੈਬਸਾਈਟ 'ਤੇ ਕਾਜਲ ਅਗਰਵਾਲ ਨੂੰ ਮਿਲਾਉਣ ਦਾ ਵਾਅਦਾ ਕੀਤਾ ਗਿਆ ਸੀ। ਇਸ ਦਾਅਵੇ ਨਾਲ ਪ੍ਰਸ਼ੰਸਕ ਉਕਤ ਜਾਲਸਾਜ਼ਾਂ ਦੇ ਚੁੰਗਲ 'ਚ ਫਸ ਗਿਆ।


## ਇਜ਼ਰਾਈ਼ਲ ਦਾ ਭਾਰਤ ਦੇ ਲਈ ਸੁਨੇਹਾ: 'ਯੇ ਦੋਸਤੀ ਹਮ ਨਹੀਂ ਤੋੜੇਂਗੇ'

ਨਵੀਂ ਦਿੱਲੀ, 5 ਅਗਸਤ (ਪੋਸਟ ਬਿਊਰੋ)- ਇਸਰਾਈਲ ਨੇ ਕੱਲ੍ਹ ਫਰੈਂਡਸ਼ਿਪ ਡੇਅ 'ਤੇ ਭਾਰਤ ਨੂੰ ਇਕ ਟਵਿੱਟਰ ਸੰਦੇਸ਼ ਰਾਹੀਂ ਵਧਾਈ ਦਿੱਤੀ ਹੈ। ਇਸ ਸੰਦੇਸ਼ ਵਿੱਚ ਬਾਲੀਵੁੱਡ ਦੀ ਫਿਲਮ 'ਸ਼ੋਅਲੇ' ਦੇ ਪ੍ਰਸਿੱਧ ਗੀਤ 'ਯੇ ਦੋਸਤੀ ਹਮ ਨਹੀਂ ਤੋੜੇਂਗੇ' ਦੀ ਵਰਤੋਂ ਕੀਤੀ ਗਈ ਹੈ। ਇਸ ਵਧਾਈ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਸੇ ਗਰਮਜੋਸ਼ੀ ਨਾਲ ਜਵਾਬ ਦਿੱਤਾ ਅਤੇ ਕਿਹਾ ਕਿ ਦੋਵਾਂ ਦੇਸ਼ਾਂ ਦਰਮਿਆਨ ਸਬੰਧ ਮਜ਼ਬੂਤ ਅਤੇ ਲੰਬੇ ਸਮੇਂ ਲਈ ਹਨ। ਇਸਰਾਈਲੀ ਦੂਤਘਰ ਨੇ ਇਕ ਟਵੀਟ ਰਾਹੀਂ ਕਿਹਾ, 'ਫਰੈਂਡਸ਼ਿਪ ਡੇਅ 2019 ਦੀ ਭਾਰਤ ਨੂੰ ਵਧਾਈ। ਸਾਡੀ ਮਜ਼ਬੂਤ ਹੁੰਦੀ ਦੋਸਤੀ ਅਤੇ ਵਧਦੀ ਭਾਈਵਾਲੀ ਹੋਰ ਵੀ ਉਚਾਈਆਂ 'ਤੇ ਪੁੱਜੇ।' ਆਪਣੇ ਵਧਾਈ ਸੰਦੇਸ਼ ਵਿੱਚ ਮੋਦੀ ਅਤੇ ਇਸਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਵਿਚਾਲੇ ਮੁਲਾਕਾਤਾਂ ਦੀਆਂ ਤਸਵੀਰਾਂ ਮਿਲਾ ਕੇ ਇਕ ਛੋਟਾ ਵੀਡੀਓ ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਸ਼ੋਅਲੇ ਫਿਲਮ ਦਾ ਉਕਤ ਗੀਤ ਵੀ ਸ਼ਾਮਲ ਹੈ। ਨਰਿੰਦਰ ਮੋਦੀ ਨੇ ਹਿਬਰੂ ਭਾਸ਼ਾ ਦੇ ਵਿੱਚ ਟਵੀਟ ਕਰਕੇ ਜਵਾਬ ਦਿੱਤਾ, 'ਭਾਰਤ ਤੇ ਇਸਰਾਈਲ ਨੇ ਸਮੇਂ ਦੇ ਨਾਲ ਆਪਣੀ ਦੋਸਤੀ ਸਾਬਤ ਕੀਤੀ ਹੈ। ਇਸਰਾਈਲ ਦੇ ਲੋਕਾਂ ਅਤੇ ਮੇਰੇ ਵਧੀਆ ਮਿੱਤਰ ਨੇਤਨਯਾਹੂ ਨੂੰ ਮਿੱਤਰਤਾ ਦਿਵਸ ਦੀਆਂ ਸ਼ੁਭ ਕਾਮਨਾਵਾਂ।'

## ਖੱਟਰ ਵੱਲੋਂ ਐਲਾਨ:

# ਕੁਰੂਕਸ਼ੇਤਰ ਵਿੱਚ ਸਿੱਖ ਗੁਰੂਆਂ ਦੀ ਯਾਦ 'ਚ ਮਿਊਜ਼ੀਅਮ ਬਣੇਗਾ

ਸਿਰਸਾ, 5 ਅਗਸਤ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ 'ਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਦੱਸੇ ਗਏ ਮਾਰਗ 'ਤੇ ਸਾਰਿਆਂ ਨੂੰ ਚੱਲਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾ ਦੀ ਸਰਕਾਰ ਸਭ ਦਾ ਸਾਥ ਸਭ ਦਾ ਵਿਕਾਸ ਚਾਹੁੰਦੀ ਹੈ ਅਤੇ ਇਸੇ ਭਾਵਨਾ ਨਾਲ ਕੰਮ ਕੀਤਾ ਗਿਆ ਹੈ। ਜਾਤ ਪਾਤ ਤੋਂ ਹਟ ਕੇ ਸਰਕਾਰ ਨੇ ਕੰਮ ਕੀਤੇ ਅਤੇ ਗਰੀਬਾਂ ਦੀ ਸਭ ਤੋਂ ਪਹਿਲਾਂ ਸੁਣਵਾਈ ਹੋਈ ਹੈ।



ਇਸ ਮੌਕੇ ਮੁੱਖ ਮੰਤਰੀ ਨੇ ਕੁਰੂਕਸ਼ੇਤਰ ਵਿੱਚ ਸਿੱਖ ਗੁਰੂਆਂ ਦੀ ਯਾਦ ਵਿੱਚ ਮਿਊਜ਼ੀਅਮ ਬਣਾਉਣ ਦਾ ਐਲਾਨ ਕੀਤਾ ਹੈ। ਸਿਰਸਾ ਵਿੱਚ ਕਰਵਾਏ ਗਏ ਸੂਬਾ ਪੱਧਰੀ ਪ੍ਰੋਗਰਾਮ ਵਿੱਚ ਉਨ੍ਹਾਂ ਕਿਹਾ ਕਿ ਸਭ ਤੋਂ ਜ਼ਿਆਦਾ ਸਿੱਖ ਗੁਰੂ ਇਸ ਰਾਜ ਵਿੱਚ ਕੁਰੂਕਸ਼ੇਤਰ ਦੀ ਧਰਤੀ 'ਤੇ ਪਹੁੰਚੇ ਹਨ। ਅੱਠ ਸਿੱਖ ਗੁਰੂਆਂ ਦੇ ਇਥੇ ਪਹੁੰਚਣ ਦਾ ਵਰਣਨ ਹੈ, ਇਸ ਲਈ ਕੁਰੂਕਸ਼ੇਤਰ ਵਿੱਚ ਸਿੱਖ ਮਿਊਜ਼ੀਅਮ ਦੀ ਸਥਾਪਨਾ ਕੀਤੀ ਜਾਵੇਗੀ।ਮੁੱਖ ਮੰਤਰੀ ਨੇ ਦੂਜਾ ਵੱਡਾ ਐਲਾਨ ਯਮੁਨਾਨਗਰ ਦੇ ਲੋਹਗੜ੍ਹ ਵਿੱਚ ਬਾਬਾ ਬੰਦਾ ਸਿੰਘ ਦੀ ਯਾਦ ਵਿੱਚ ਬਣੇ ਟਰੱਸਟ ਦੇ ਰਾਹੀਂ ਮਿਊਜ਼ੀਅਮ ਬਣਾਉਣ ਅਤੇ ਮਾਰਸ਼ਲ ਆਰਟ ਦਾ ਸਕੂਲ ਖੋਲ੍ਹਣ ਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿੰਨੀਆਂ ਵੀ ਲੜਾਈਆਂ ਲੜੀਆਂ ਗਈਆਂ, ਉਨ੍ਹਾਂ ਦੇ ਸ਼ਸਤਰ ਅਤੇ ਹੋਰ ਚੀਜ਼ਾਂ ਇਸੇ ਮਿਊਜ਼ੀਅਮ ਵਿੱਚ ਰੱਖੀਆਂ ਜਾਣਗੀਆਂ।ਸੰਗਤ ਨਾਲ ਭਰੇ ਪੰਡਾਲ ਵਿੱਚ ਮੁੱਖ ਮੰਤਰੀ ਨੇ ਇਕ ਹੋਰ ਐਲਾਨ ਪੰਜਾਬੀ ਭਾਸ਼ਾ ਨੂੰ ਮਜ਼ਬੂਤ ਬਣਾਉਣ ਲਈ ਕੀਤਾ ਕਿ ਸੂਬੇ ਵਿੱਚ 400 ਪੰਜਾਬੀ ਅਧਿਆਪਕਾਂ ਦੀ ਕਮੀ ਹੈ ਅਤੇ ਇਨ੍ਹਾਂ ਅਹੁਦਿਆਂ ਨੂੰ ਵਿਸ਼ੇਸ਼ ਭਰਤੀ ਨਾਲ ਛੇਤੀ ਭਰਿਆ ਜਾਵੇਗਾ।ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸਿਰਸਾ ਵਿੱਚ ਕਰੀਬ ਇਕ ਏਕੜ ਜ਼ਮੀਨ ਸੂਬਾ ਸਰਕਾਰ ਸਿੱਖ ਭਾਈਚਾਰੇ ਨੂੰ ਧਰਮਸ਼ਾਲਾ ਬਣਾਉਣ ਲਈ ਦੇਵੇਗੀ। ਕਰਨਾਲ 'ਚ ਬਣਨ ਵਾਲੇ ਸੱਤ ਦਰਵਾਜ਼ਿਆਂ ਵਿੱਚੋਂ ਇਕ ਗੇਟ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਹੋਵੇਗਾ।

## ਨਵੇਂ ਪ੍ਰਧਾਨ ਦੀ ਚੋਣ ਲਈ ਕਾਂਗਰਸ ਨੇ 10 ਨੂੰ ਬੈਠਕ ਸੱਦ ਲਈ

ਨਵੀਂ ਦਿੱਲੀ, 5 ਅਗਸਤ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਆਪਣੇ ਪ੍ਰਧਾਨ ਰਾਹੁਲ ਗਾਂਧੀ ਦੇ ਅਸਤੀਫ਼ੇ ਤੋਂ ਬਾਅਦ ਨਵੀਂ ਲੀਡਰਸ਼ਿਪਬਾਰੇ ਉਲਝਣ ਦਾ ਦੌਰ ਖਤਮ ਕਰਨ ਲਈ 10 ਅਗਸਤ ਨੂੰ ਕਾਰਜਕਾਰੀ ਕਮੇਟੀ ਦੀ ਬੈਠਕ ਸੱਦ ਲਈ ਹੈ, ਜਿਸ ਵਿਚ ਰਾਹੁਲ ਗਾਂਧੀ ਦੀ ਥਾਂ ਨਵੇਂ ਅੰਤ੍ਰਿਮ ਪ੍ਰਧਾਨ ਦੀ ਚੋਣ ਕੀਤੀ ਜਾਵੇਗੀ। ਰਾਹੁਲ ਗਾਂਧੀ ਤੋਂ ਅਗਲੇ ਪ੍ਰਧਾਨ ਦੀ ਚੋਣ ਕਰਨ ਦੀ ਤਰੀਕ ਦਾ ਐਲਾਨ ਹੁੰਦੇ ਸਾਰਨਵੀਂ ਲੀਡਰਸ਼ਿਪ ਬਾਰੇ ਇਸ ਪਾਰਟੀ ਵਿਚ ਅੰਦਰੂਨੀ ਸਿਆਸਤ ਵੀ ਤੇਜ਼ ਹੋ ਗਈ ਹੈ। ਪਾਰਟੀ ਦੀ ਕਮਾਨ ਕਿਸੇਤਜਰਬੇ ਵਾਲੇਜਾਂ ਨੌਜਵਾਨ ਨੇਤਾਨੂੰ ਸੌਂਪੇ ਜਾਣ ਬਾਰੇ ਸਿਆਸੀ ਦਾਅ ਸ਼ੁਰੂ ਹੋ ਗਏ ਹਨ। ਰਾਹੁਲ ਗਾਂਧੀ ਦੇ ਕਰੀਬੀ ਨੌਜਵਾਨ ਨੇਤਾ ਮਿਲਿੰਦ ਦੇਵੜਾ ਨੇ ਸਚਿਨ ਪਾਇਲਟ ਅਤੇ ਜਯੋਤਿਰਾਦਿੱਤਿਆ ਸਿੰਧੀਆ ਦਾ ਨਾਂ ਨਵੇਂ ਕਾਂਗਰਸ ਪ੍ਰਧਾਨ ਲਈ ਉਛਾਲ ਕੇ ਸ਼ੁਰੂਆਤ ਕਰ ਦਿੱਤੀ ਹੈ।

Action Kitchen & Bath Inc

MANUFACTURE OF FINE CUSTOM KITCHEN AND BATH VANITIES

BUY DIRECT FROM THE FACTORY AND SAVE

ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ

SPECIAL DISCOUNT FOR CONTRACTORS

Custom Kitchen & Vanities • Granite Countertops
Complete Kitchen & Bathroom Renovations
3D Computer Design

We will beat any written quote by 10%

Call for FREE In-Home Estimate

905-799-7277 or 1-800-536-2480

Mon - Fri : 9am to 6pm Sat: 11am - 4pm
Sun: APPOINTMENT ONLY

actionkitchen@live.ca
www.actionkitchen.ca

8 Starthern Ave, Unit 1 & 2, Brampton (South of Steeles facing Dixie)

Tri-City Professional Realty Inc., Brokerage

Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ

ਫੋਨ: 416 802 5866

Tel: 905.793.5777

31 Melanie Dr. Unit #4 Brampton, ON L6T 5H8

Avtar Singh Tiwana
Sales Rep.

FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

NEED A LAWYER ??

Red Seal NOTARY

KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਸਾਊਦੀ ਅਰਬ ਦੀਆਂ ਔਰਤਾਂ ਪੁਰਸ਼ ਗਾਰਡੀਅਨ ਤੋਂ ਬਿਨਾਂ ਵੀ ਵਿਦੇਸ਼ ਜਾ ਸਕਣਗੀਆਂ



ਰਿਆਧ, 5 ਅਗਸਤ (ਪੋਸਟ ਬਿਊਰੋ)- ਸਾਊਦੀ ਅਰਬ ਦੀ ਔਰਤ ਕਿਸੇ ਪੁਰਸ਼ ਗਾਰਡੀਅਨ ਦੀ ਇਜਾਜ਼ਤ ਦੇ ਬਿਨਾਂ ਵੀ ਅੱਗੇ ਤੋਂ ਵਿਦੇਸ਼ ਯਾਤਰਾ ਕਰ ਸਕਣਗੀਆਂ। ਇਹ ਫੈਸਲਾ ਸਾਊਦੀ ਅਰਬ ਸਰਕਾਰ ਨੇ ਕੀਤਾ ਹੈ। ਵਰਨਣ ਯੋਗ ਹੈ ਕਿ ਔਰਤਾਂ ਉਤੇ ਇਸ ਪਾਬੰਦੀ ਦੇ ਕਾਰਨ ਅੰਤਰਰਾਸ਼ਟਰੀ ਪੱਧਰ 'ਤੇ ਸਾਊਦੀ ਅਰਬ ਆਲੋਚਨਾਵਾਂ ਦਾ ਸ਼ਿਕਾਰ ਹੋ ਰਿਹਾ ਸੀ ਤੇ ਇਸੇ ਕਾਰਨ ਕਈ ਔਰਤਾਂ ਨੇ ਦੇਸ਼ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਸੀ। ਇਸ ਇਤਿਹਾਸਕ ਸੁਧਾਰ ਦੇ ਬਾਅਦ ਉਹ ਪੁਰਾਣੀ ਗਾਰਡੀਅਨ ਪ੍ਰਣਾਲੀ ਸਮਾਪਤ ਹੋ ਜਾਵੇਗੀ, ਜਿਸ ਹੇਠ ਕਾਨੂੰਨ ਔਰਤਾਂ ਨੂੰ ਸਥਾਈ ਰੂਪ ਨਾਲ ਨਾਬਾਲਗ ਸਮਝਦਾ ਹੈ ਤੇ ਉਨ੍ਹਾਂ ਦੇ ਗਾਰਡੀਅਨ, ਮਤਲਬ ਕਿ ਪਤੀ, ਪਿਤਾ ਅਤੇ ਹੋਰ ਪੁਰਸ਼ ਸਬੰਧੀਆਂ ਨੂੰ ਉਨ੍ਹਾਂ ਉੱਤੇ ਮਰਜ਼ੀ ਠੋਸਣ ਦਾ ਅਧਿਕਾਰ ਦਿੰਦਾ ਹੈ। ਔਰਤ ਅਧਿਕਾਰ ਕਾਰਕੁਨਾਂ ਦੇ ਕਈ ਸਾਲਾਂ ਦੀ ਮੁਹਿੰਮ ਦੇ ਬਾਅਦ ਇਹ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਉਸ ਸਮੇਂ ਆਇਆ ਹੈ ਜਦ ਕਈ ਔਰਤਾਂ ਨੇ ਆਪਣੇ ਗਾਰਡੀਅਨਾਂ ਤੋਂ ਭੱਜਣ ਦੀ ਕੋਸ਼ਿਸ਼ ਕੀਤੀ। ਸਾਊਦੀ ਅਰਬ 'ਚ ਪਿਛਲੇ ਸਾਲ ਵੀ ਇਕ ਇਤਿਹਾਸਕ ਫੈਸਲਾ ਦਿੱਤਾ ਗਿਆ ਸੀ, ਜਿਸ ਦੇ ਬਾਅਦ ਇਥੇ ਔਰਤਾਂ ਦੇ ਵਾਹਨ ਚਲਾਉਣ 'ਤੇ ਲੱਗੀ ਪਾਬੰਦੀ ਨੂੰ ਹਟਾ ਦਿੱਤਾ ਗਿਆ ਸੀ। ਸਰਕਾਰੀ ਗਜਟ ਉਮ ਅਲ ਕੁਰਾ 'ਚ ਛਪੇ ਸਰਕਾਰੀ ਫੈਸਲੇ ਵਿੱਚ ਕਿਹਾ ਗਿਆ ਹੈ ਕਿ ਸਾਊਦੀ ਅਰਬ ਦੇ ਹਰ ਉਸ ਨਾਗਰਿਕ ਨੂੰ ਪਾਸਪੋਰਟ ਦਿੱਤਾ ਜਾਵੇਗਾ, ਜੋ ਅਰਜ਼ੀ ਦਿੰਦਾ ਹੈ। ਸਥਾਨਕ ਮੀਡੀਆ ਨੇ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਇਹ ਨਿਯਮ 21 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਪਾਸਪੋਰਟ ਲੈਣ ਅਤੇ ਉਨ੍ਹਾਂ ਦੇ ਗਾਰਡੀਅਨਾਂ ਦੀ ਇਜਾਜ਼ਤ ਦੇ ਬਿਨਾਂ ਦੇਸ਼ ਤੋਂ ਬਾਹਰ ਜਾਣ ਦੀ ਇਜਾਜ਼ਤ ਦੇਵੇਗਾ।

# ਭਾਰਤੀ ਮਾਰ ਦੇ ਝੰਬੇ ਹੋਏ ਪਾਕਿ ਦੀ ਅਮਰੀਕਾ ਨੂੰ ਨਵੀਂ ਫ਼ਰਿਆਦ

### * ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਸੁਰੱਖਿਆ ਮੀਟਿੰਗ



ਇਸਲਾਮਾਬਾਦ, 5 ਅਗਸਤ, (ਪੋਸਟ ਬਿਊਰੋ)- ਭਾਰਤ-ਪਾਕਿ ਕੰਟਰੋਲ ਰੇਖਾ ਉੱਤੇ ਭਾਰਤੀ ਫ਼ੌਜ ਦੀ ਜਵਾਬੀ ਕਾਰਵਾਈ ਤੋਂ ਪਾਕਿਸਤਾਨ ਘਬਰਾਹਟ ਵਿੱਚ ਹੈ। ਇਸ ਹਾਲਤ ਵਿੱਚ ਪਾਕਿਸਤਾਨ ਨੇ ਕਸ਼ਮੀਰ ਦੀ ਆਜ਼ਾਦੀ ਦਾ ਰਾਗ ਅਲਾਪਦੇ ਹੋਏ ਇੱਕ ਵਾਰ ਫਿਰ ਅਮਰੀਕਾ ਨੂੰ ਦਖ਼ਲ ਦੇਣ ਦੀ ਫਰਿਆਦ ਕਰ ਦਿੱਤੀ ਹੈ।

ਤਾਜ਼ਾ ਹਾਲਾਤ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅਚਾਨਕ ਦੇਸ਼ ਦੀ ਸੁਰੱਖਿਆ ਕੌਂਸਲ (ਐੱਨ ਐੱਸ ਸੀ) ਦੀ ਮੀਟਿੰਗ ਸੱਦ ਕੇ ਵਿਚਾਰ-ਵਟਾਂਦਾਰਾ ਕੀਤਾ ਤੇ ਇਸ ਦੇ ਬਾਅਦ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਟਵੀਟ ਕੀਤਾ, 'ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਸ਼ਮੀਰ ਉੱਤੇ ਵਿਚੋਲਗੀ ਲਈ ਤਜਵੀਜ਼ ਪੇਸ਼ ਕੀਤੀ ਸੀ। ਭਾਰਤੀ ਸੁਰੱਖਿਆ ਬਲਾਂ ਦੀਆਂ ਹਮਲਵਾਰ ਸਰਗਰਮੀਆਂ ਨਾਲ ਕੰਟਰੋਲ ਲਾਈਨ ਤੇ ਕਸ਼ਮੀਰ ਦੀ ਸਥਿਤੀ ਵਿਗੜੀ ਹੋਈ ਹੈ। ਇਸ ਕੇਸ ਵਿਚ ਵਿਚੋਲਗੀ ਦਾ ਇਹੋ ਸਹੀ ਸਮਾਂ ਹੈ।' ਇਮਰਾਨ ਖਾਨ ਨੇ ਭਾਰਤੀ ਫੌਜ ਦੀਆਂ ਸਰਗਰਮੀਆਂ ਨੂੰ ਇਸ ਇਲਾਕੇ ਵਿੱਚ ਸੰਕਟ ਵਧਾਉਣ ਵਾਲੀਆਂ ਕਿਹਾ ਹੈ। ਉਨ੍ਹਾਂ ਨੇ ਦੁਨੀਆ ਭਰ ਦੇ ਆਗੂਆਂ ਤੇ ਸੰਸਾਰ ਪੱਧਰੀ ਜਥੇਬੰਦੀਆਂ ਨੂੰ ਇਸ ਪਾਸੇ ਧਿਆਨ ਦੇਣ ਦੀ ਅਪੀਲ ਕੀਤੀ ਹੈ। ਇਕ ਹੋਰ ਟਵੀਟ ਦੇ ਵਿਚ ਪੁਰ-ਾਣਾ ਰਾਗ ਗਾਉਂਦੇ ਹੋਏ ਇਮਰਾਨ ਖਾਨ ਨੇ ਕਿਹਾ ਕਿ ਕਸ਼ਮੀਰੀ ਲੋਕਾਂ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਲਈ ਹੱਕ ਹੋਣਾ ਚਾਹੀਦਾ ਹੈ। ਦੱਖਣੀ ਏਸ਼ੀਆ ਦੀ ਸੁਰੱਖਿਆ ਅਤੇ ਸ਼ਾਂਤੀ ਦਾ ਰਾਹ ਕਸ਼ਮੀਰ ਦੇ ਸ਼ਾਂਤੀ-ਪੂਰਨ ਤੇ ਨਿਆਂ-ਪੂਰਨ ਹੱਲ ਵਿਚੋਂ ਹੀ ਲੰਘਣਾ ਹੈ।

ਪਿਛਲੇ ਦੋ ਦਿਨਾਂ ਵਿੱਚ ਕੰਟਰੋਲ ਰੇਖਾ ਉੱਤੇ ਭਾਰਤ ਵੱਲੋਂ ਦਿਤੇ ਗਏ ਮੂੰਹ-ਤੋੜ ਜਵਾਬ ਤੋਂ ਦੁਖੀ ਇਮਰਾਨ ਖ਼ਾਨ ਨੇ ਅੱਜ ਐਤਵਾਰ ਨੂੰ ਕੌਮੀ ਸੁਰੱਖਿਆ ਕੌਂਸਲ ਦੀ ਮੀਟਿੰਗ ਸੱਦੀ, ਜਿਸ ਵਿਚ ਪਾਕਿਸਤਾਨ ਦੇ ਰੱਖਿਆ ਮੰਤਰੀ ਪਰਵੇਜ਼ ਖਟਕ, ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ, ਗ੍ਰਹਿ ਮੰਤਰੀ ਬ੍ਰਿਗੇਡੀਅਰ (ਸੇਵਾ ਮੁਕਤ) ਇਜ਼ਾਜ ਸ਼ਾਹ, ਤਿੰਨਾਂ ਫ਼ੌਜਾਂ ਦੇ ਮੁਖੀ, ਆਈ ਐੱਸ ਆਈ ਦੇ ਮੁਖੀ ਅਤੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਮੀਟਿੰਗ ਪਿੱਛੋਂ ਪ੍ਰਧਾਨ ਮੰਤਰੀ ਦਫ਼ਤਰ ਤੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਭਾਰਤ ਦੇ ਹਰ ਕਦਮ ਤੋਂ ਆਪਣੀ ਰਾਖੀ ਲਈ ਪਾਕਿਸਤਾਨ ਸਦਾ ਤਿਆਰ ਹੈ। ਮੀਟਿੰਗ ਵਿਚ ਭਾਰਤ ਦੀਆਂ ਕਾਰਵਾਈਆਂ ਦੀ ਆਲੋਚਨਾ ਕਰਦਿਆਂ, ਇਸ ਨੂੰ ਖੇਤਰੀ ਤੇ ਕੌਮਾਂਤਰੀ ਸ਼ਾਂਤੀ ਲਈ ਘਾਤਕ ਕਿਹਾ ਗਿਆ। ਇਮਰਾਨ ਖ਼ਾਨ ਨੇ ਕਿਹਾ ਕਿ ਭਾਰਤ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਕਰ ਰਿਹਾ ਹੈ। ਉਸ ਦੀ ਹਮਲਾਵਰੀ ਨਾਲ ਇਸ ਇਲਾਕੇ ਵਿਚ ਅਸ਼ਾਂਤੀ ਵਧੇਗੀ।

ਓਧਰ ਇਸਲਾਮਿਕ ਸਹਿਯੋਗ ਸੰਗਠਨ (ਓ ਆਈ ਸੀ) ਨੇ ਭਾਰਤ ਦੇ ਇਤਰਾਜ਼ ਦੇ ਬਾਵਜੂਦ ਫਿਰ ਕਸ਼ਮੀਰ ਦਾ ਰਾਗ ਛੇੜਿਆ ਹੈ। ਕਸ਼ਮੀਰ ਦੀਆਂ ਤਾਜ਼ਾ ਸਰਗਰਮੀਆਂ ਦਾ ਨੋਟਿਸ ਲੈਣ ਦੀ ਪਾਕਿਸਤਾਨ ਦੀ ਅਪੀਲ ਮਗਰੋਂ ਓ ਆਈ ਸੀ ਨੇ ਅੱਜ ਐਤਵਾਰ ਇਸ ਮਸਲੇ ਉੱਤੇ ਕਈ ਟਵੀਟ ਕੀਤੇ ਤੇ ਦੋਵਾਂ ਦੇਸ਼ਾਂ ਵਿਚਾਲੇ ਵਧ ਰਹੇ ਤਣਾਅ ਉੱਤੇ ਚਿੰਤਾ ਪ੍ਰਗਟ ਕੀਤੀ ਹੈ। ਓ ਆਈ ਸੀ ਪਹਿਲਾਂ ਵੀ ਇਹ ਕਹਿ ਚੁੱਕਾ ਹੈ। ਮਾਰਚ ਵਿਚ ਮੈਂਬਰ ਦੇਸ਼ਾਂ ਦੇ ਮੰਤਰੀਆਂ ਦੇ ਦੋ ਦਿਨਾ ਸੰਮੇਲਨ ਪਿੱਛੋਂ ਇੱਕ ਮਤੇ ਰਾਹੀਂ ਓ ਆਈ ਸੀ ਨੇ ਭਾਰਤ-ਪਾਕਿ ਵਿਚਾਲੇ ਸਾਰੇ ਮੁੱਦਿਆਂ ਨੂੰ ਗੱਲਬਾਤ ਰਾਹੀਂ ਹੱਲ ਕਰਨ ਦੀ ਗੱਲ ਕਹੀ ਸੀ। ਭਾਰਤ ਨੇ ਓ ਆਈ ਸੀ ਦੇ ਮਤੇ ਨੂੰ ਓਦੋਂ ਵੀ ਰੱਦ ਕਰ ਦਿੱਤਾ ਸੀ। ਭਾਰਤ ਸਾਫ ਕਹਿ ਚੁੱਕਾ ਹੈ ਕਿ ਕਸ਼ਮੀਰ ਭਾਰਤ ਤੇ ਪਾਕਿਸਤਾਨ ਦਾ ਆਪਸੀ ਮਸਲਾ ਹੈ ਤੇ ਇਸ ਵਿਚ ਤੀਜੀ ਧਿਰ ਦੇ ਦਖ਼ਲ ਨੂੰ ਬਰਦਾਸ਼ਤ ਨਹੀਂ ਹੋਵੇਗਾ।

## ਡੈਮੋਕ੍ਰੇਟਿਕ ਪਾਰਟੀ 'ਚ ਨਸਲਭੇਦ ਦਾ ਮੁੱਦਾ ਚੁੱਕਣ ਵਾਲੀ ਭਾਰਤੀ ਮੂਲ ਦੀ ਅਧਿਕਾਰੀ ਦੀ ਛਾਂਟੀ



ਵਾਸ਼ਿੰਗਟਨ, 5 ਅਗਸਤ (ਪੋਸਟ ਬਿਊਰੋ)- ਅਮਰੀਕਾ 'ਚ ਡੈਮੋਕ੍ਰੇਟਿਕ ਪਾਰਟੀ ਅੰਦਰ ਰਾਜਨੀਤਕ ਵਿਵਾਦ ਕਾਰਨ ਇਕ ਇੰਡੋ-ਅਮਰੀਕਨ ਅਧਿਕਾਰੀ ਨੂੰ ਨੌਕਰੀ ਤੋਂ ਹੱਥ ਧੋਣਾ ਪਿਆ ਹੈ।

ਅਸਲ 'ਚ ਸੰਕੇਤ ਚੱਕਰਵਰਤੀ ਨਵੀਂ ਪਾਰਲੀਮੈਂਟ ਮੈਂਬਰ ਅਲੈਗਜੈਂਡਰੀਆ ਓਕੋਸਿਆ ਕਾਰਟੇਜ਼ ਦੀ ਸਹਿਯੋਗੀ ਸਨ। ਉਨ੍ਹਾਂ ਨੇ ਲੋਕਤਾਂਤਰੀ ਵਿਵਸਥਾ ਅਤੇ ਇਕ ਪੁਰਾਣੇ ਗਾਰਡ ਉਤੇ ਨਸਲਭੇਦ ਦੇ ਦੋਸ਼ਾਂ ਖਿਲਾਫ ਆਪਣੀ ਬੌਸ ਦਾ ਸਾਥ ਦਿੱਤਾ ਸੀ। ਇਸ ਪਿੱਛੋਂ ਪਾਰਟੀ ਦੇ ਉਚ ਆਗੂਆਂ ਦੇ ਦਬਾਅ 'ਚ ਉਨ੍ਹਾਂ ਅਹੁਦੇ ਤੋਂ ਅਸਤੀਫਾ ਦੇਣਾ ਪਿਆ। ਪਿਛਲੇ ਦਿਨੀਂ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੇ 29 ਸਾਲ ਦੀ ਅਲੈਗਜ਼ੈਂਡਰੀਆ ਨਾਲ ਮੁਲਾਕਾਤ ਕੀਤੀ ਅਤੇ ਇਸ ਦੇ ਕੁਝ ਦਿਨ ਬਾਅਦ ਸੰਕੇਤ ਚੱਕਰਵਰਤੀ ਦੀ ਵਿਦਾਇਗੀ ਦਾ ਐਲਾਨ ਹੋ ਗਿਆ। ਇਸ ਨੂੰ ਇਨ੍ਹਾਂ ਦਿਨਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਨੂੰ ਹਿਲਾ ਦੇਣ ਵਾਲੀ ਬਗਾਵਤ ਸ਼ਾਂਤ ਕਰਨ ਲਈ ਕੀਤੀ ਬੈਠਕ ਸਮਝਿਆ ਜਾ ਰਿਹਾ ਸੀ।

32 ਸਾਲਾ ਚੱਕਰਵਰਤੀ ਨੇ ਇਕ ਟਵੀਟ ਕੀਤਾ ਸੀ, ਜਿਸ ਦੇ ਬਾਅਦ ਉਸ ਨੂੰ ਪਾਰਟੀ 'ਚ ਲੜਾਈ ਪੁਆਉਣ ਦਾ ਦੋਸ਼ੀ ਦੱਸਿਆ ਗਿਆ। ਬਾਅਦ ਉਨ੍ਹਾਂ ਨੇ ਆਪਣਾ ਟਵੀਟ ਹਟਾ ਲਿਆ ਸੀ। ਚੱਕਰਵਰਤੀ ਨੇ ਮਾਡਰੇਟ ਡੈਮੋਕ੍ਰੇਟਸ ਉਤੇ ਸੱਜੇ ਪੱਖੀ ਡੈਮੋਕ੍ਰੇਟਸ ਦੇ ਮਤੇ ਦਾ ਵਿਰੋਧ ਕਰਨ ਦਾ ਦੋਸ਼ ਲਾਇਆ ਸੀ। ਉਸ ਦਾ ਕਹਿਣਾ ਸੀ ਕਿ ਇਹ ਲੋਕ ਪਾਰਟੀ ਵਿੱਚ ਨਸਲਭੇਦ ਦੇ ਜ਼ਿੰਮੇਵਾਰ ਹਨ। ਅਲੈਗਜ਼ੈਂਡਰੀਆ ਨੇ ਆਪਣੇ 'ਚੀਫ ਆਫ ਸਟਾਫ' ਚੱਕਰਵਰਤੀ ਦਾ ਪੱਖ ਲਿਆ ਅਤੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਨੇਤਾ ਦੇ ਖਿਲਾਫ ਕੋਈ ਕੰਮ ਨਹੀਂ ਕੀਤਾ। ਕੱਲ੍ਹ ਚੱਕਰਵਰਤੀ ਨੂੰ ਕੱਢ ਦਿੱਤਾ ਗਿਆ।

## ਭਾਰਤੀ ਮੂਲ ਦੀ ਡਾਕਟਰ ਭਾਸ਼ਾ ਮੁਖਰਜੀ ਮਿਸ ਇੰਗਲੈਂਡ ਬਣੀ



ਲੰਡਨ, 5 ਅਗਸਤ (ਪੋਸਟ ਬਿਊਰੋ)- ਭਾਰਤੀ ਮੂਲ ਦੀ ਡਾਕਟਰ ਭਾਸ਼ਾ ਮੁਖਰਜੀ ਨੇ ਦਰਜਨਾਂ ਲੜਕੀਆਂ ਨੂੰ ਪਿੱਛੇ ਛੱਡਦੇ ਹੋਏ 'ਮਿਸ ਇੰਗਲੈਂਡ' ਦਾ ਤਾਜ ਹਾਸਲ ਕਰ ਲਿਆ।

ਡਰਬੀ ਦੀ ਵਸਨੀਕ 23 ਸਾਲਾ ਭਾਸ਼ਾ ਕੋਲ ਗ੍ਰੈਜੂਏਸ਼ਨ ਦੀਆਂ ਦੋ ਡਿਗਰੀਆਂ ਹਨ। ਇਸ ਜੀਨੀਅਸ ਸੁੰਦਰੀ ਦਾ ਆਈ ਕਿਊ 146 ਹੈ ਅਤੇ ਪੰਜ ਭਾਸ਼ਾਵਾਂ ਬੋਲ ਸਕਦੀ ਹੈ। ਮਿਸ ਇੰਗਲੈਂਡ ਮੁਕਾਬਲਾ ਖਤਮ ਹੁੰਦੇ ਸਾਰ ਉਹ ਬੋਸਟਨ ਦੇ ਹਸਪਤਾਲ 'ਚ ਜੂਨੀਅਰ ਡਾਕਟਰ ਵਜੋਂ ਨੌਕਰੀ ਸ਼ੁਰੂ ਕਰਨ ਵਾਲੀ ਹੈ ਅਤੇ ਅਗੋਂ ਲਈ ਉਹ ਮਿਸ ਵਰਲਡ ਮੁਕਾਬਲੇ 'ਚ ਇੰਗਲੈਂਡ ਦੀ ਪ੍ਰਤੀਨਿਧਤਾ ਕਰੇਗੀ। ਭਾਰਤ ਵਿੱਚ ਜਨਮੀ ਭਾਸ਼ਾ ਨੌਂ ਸਾਲ ਦੀ ਉਮਰ 'ਚ ਆਪਣੇ ਮਾਪਿਆਂ ਨਾਲ ਇੰਗਲੈਂਡ ਪਹੁੰਚ ਗਈ ਸੀ। ਨਾਟਿੰਘਮ ਯੂਨੀਵਰਸਿਟੀ ਤੋਂ ਮੈਡੀਕਲ ਸਾਇੰਸ ਦੇ ਨਾਲ ਉਨ੍ਹਾਂ ਮੈਡੀਸਨ ਤੇ ਸਰਜਰੀ 'ਚ ਵੀ ਡਿਗਰੀ ਕੀਤੀ ਹੈ। ਮਿਸ ਇੰਗਲੈਂਡ ਦੇ ਆਖਰੀ ਪੜਾਅ ਤੋਂ ਪਹਿਲਾਂ ਇਕ ਇੰਟਰਵਿਊ ਵਿੱਚ ਉਨ੍ਹਾਂ ਕਿਹਾ ਸੀ, 'ਕਈ ਲੋਕ ਸੋਚਦੇ ਹਨ ਕਿ ਸੁੰਦਰਤਾ ਮੁਕਾਬਲੇ ਜਿੱਤਣ ਵਾਲੀਆਂ ਕੁੜੀਆਂ ਬੁੱਧੂ ਹੁੰਦੀਆਂ ਹਨ, ਪਰ ਅਸੀਂ ਸਭ ਕਿਸੇ ਨਾ ਕਿਸੇ ਮਕਸਦ ਨਾਲ ਇਥੇ ਹਾਂ। ਮੈਡੀਕਲ ਦੀ ਪੜ੍ਹਾਈ ਦਰਮਿਆਨ ਮੈਂ ਏਦਾਂ ਦੇ ਮੁਕਾਬਲੇ 'ਚ ਹਿੱਸਾ ਲੈਣ ਬਾਰੇ ਸੋਚਿਆ ਸੀ। ਇਸ ਲਈ ਮੈਨੂੰ ਖੁਦ ਨੂੰ ਬਹੁਤ ਸਮਝਾਉਣਾ ਵੀ ਪਿਆ।' ਸਕੂਲ ਦੇ ਦਿਨਾਂ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਿੱਖਣ ਲਈ ਹਮੇਸ਼ਾ ਉਤਸ਼ਾਹਿਤ ਰਹਿੰਦੀ ਸੀ, ਇਸੇ ਲਈ ਆਪਣੇ ਅਧਿਆਪਕਾਂ ਦੀ ਚਹੇਤੀ ਸੀ।

# ਅਮਰੀਕਾ ਦੇ ਵਾਲਮਾਰਟ ਸਟੋਰ ਵਿੱਚ ਅੰਨ੍ਹੇਵਾਹ ਗੋਲੀਬਾਰੀ ਦੌਰਾਨ 20 ਮੌਤਾਂ

### * ਥੋੜ੍ਹਾ ਸਮਾਂ ਬਾਅਦ ਇੱਕ ਹੋਰ ਥਾਂ ਗੋਲੀ ਚੱਲੀ, 9 ਮੌਤਾਂ



ਵਾਸ਼ਿੰਗਟਨ, 5 ਅਗਸਤ, (ਪੋਸਟ ਬਿਊਰੋ)- ਅਮਰੀਕਾ ਵਿੱਚ ਚੌਵੀ ਘੰਟਿਆਂ ਵਿੱਚ ਗੋਲ਼ੀਬਾਰੀ ਹੋਣ ਦੀ ਦੂਸਰੀ ਘਟਨਾ ਵਾਪਰ ਗਈ ਹੈ। ਓਹਾਇਓ ਰਾਜ ਦੇ ਡੇਟਾਨ ਸ਼ਹਿਰ ਵਿੱਚ ਤਾਜ਼ਾ ਘਟਨਾ ਵਿੱਚ ਘੱਟੋ ਘੱਟ 9 ਲੋਕਾਂ ਦੀ ਮੌਤ ਹੋਈ ਤੇ ਸੋਲਾਂ ਲੋਕ ਜ਼ਖ਼ਮੀ ਦੱਸੇ ਗਏ ਹਨ। ਮਰਨ ਵਾਲਿਆਂ ਵਿੱਚ ਫਾਇਰਿੰਗ ਕਰਨ ਵਾਲਾ ਸ਼ੂਟਰ ਵੀ ਸ਼ਾਮਲ ਹੈ। ਅਮਰੀਕਾ ਵਿੱਚ ਬੀਤੇ 24 ਘੰਟਿਆਂ ਵਿੱਚ ਗੋਲ਼ੀਬਾਰੀ ਦੀ ਇਹ ਦੂਸਰੀ ਵੱਡੀ ਘਟਨਾ ਹੈ। ਇਸ ਤੋਂ ਪਹਿਲਾਂ ਟੈਕਸਾਸ ਵਿੱਚ ਹੋਈ ਗੋਲ਼ੀਬਾਰੀ ਵਿੱਚ 20 ਲੋਕਾਂ ਦੀ ਮੌਤ ਹੋ ਗਈ ਅਤੇ 24 ਲੋਕ ਜ਼ਖ਼ਮੀ ਹੋ ਗਏ ਸਨ। ਵਰਨਣ ਯੋਗ ਹੈ ਕਿ ਟੈਕਸਾਸ ਰਾਜ ਦੇ ਸ਼ਹਿਰ ਐੱਲ ਪਾਸੋ ਵਿੱਚ ਗੋਲ਼ੀਬਾਰੀ ਵਿੱਚ ਘੱਟੋ ਘੱਟ 20 ਲੋਕਾਂ ਦੀ ਮੌਤ ਹੋ ਗਈ ਤੇ 24 ਲੋਕਾਂ ਜ਼ਖਮੀ ਹੋਏ ਹਨ। ਟੈਕਸਾਸ ਦੇ ਗਵਰਨਰ ਗ੍ਰੇਗ ਏਬਾਟ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਇਸ ਨੂੰ ਟੈਕਸਾਸ ਦੇ ਸਭ ਤੋਂ ਕਾਲੇ ਦਿਨਾਂ ਵਿੱਚੋਂ ਇਕ ਕਿਹਾ ਹੈ। ਇਹ ਗੋਲ਼ੀਬਾਰੀ ਸ਼ਨਿਚਰਵਾਰ ਨੂੰ ਅਮਰੀਕਾ-ਮੈਕਸੀਕੋ ਸਰਹੱਦ ਤੋਂ ਕੁਝ ਮੀਲ ਦੂਰ ਇਕ ਵਾਲਮਾਰਟ ਸਟੋਰ ਵਿੱਚ ਹੋਈ ਸੀ। ਪੁਲਿਸ ਨੇ ਦੋਸ਼ੀ ਬੰਦੂਕਧਾਰੀ ਫੜ ਲਿਆ। ਇਸ ਵਿਅਕਤੀ ਦੀ ਪਛਾਣ ਅਮਰੀਕੀ ਮੀਡੀਆ ਦੇ ਮੁਤਾਬਕ ਡਲਾਸ ਖੇਤਰ ਦੇ ਵਾਸੀ ਪੈਟ੍ਰਿਕ ਕਰੂਸੀਅਸ ਵਜੋਂ ਹੋਈ ਹੈ। ਸੀ ਸੀ ਟੀ ਵੀ ਫੁਟੇਜ਼ ਵਿੱਚ ਇਸ ਬੰਦੂਕਧਾਰੀ ਆਦਮੀ ਨੂੰ ਕਾਲੇ ਰੰਗ ਦੀ ਟੀ-ਸ਼ਰਟ ਪਹਿਨੇ ਹੋਏ ਈਅਰ ਪ੍ਰੋਟੈਕਟਰ ਤੇ ਇਕ ਅਸਾਲਟ ਰਾਇਫਲ ਨਾਲ ਦਿਖਾਇਆ ਗਿਆ ਹੈ। ਪੁਲਿਸ ਬੁਲਾਰੇ ਸਾਰਜੇਟ ਗੋਮੇਜ਼ ਨੇ ਕਿਹਾ ਕਿ ਇਕਲੌਤੇ ਬੰਦੂਕਧਾਰੀ ਦੀ ਉਮਰ 20 ਸਾਲ ਹੈ। ਇਸ ਘਟਨਾਂ ਦੇ ਜ਼ਖਮੀਆਂ ਵਿਚੋਂ ਕੁਝ ਲੋਕ ਗੰਭੀਰ ਜ਼ਖ਼ਮੀ ਦੱਸੇ ਜਾ ਰਹੇ ਹਨ।

ਇਸ ਤੋਂ ਚੌਵੀ ਘੰਟਿਆਂ ਦੇ ਅੰਦਰ ਦੂਸਰੀ ਘਟਨਾ ਵਿੱਚ ਇੱਕ ਥਾਂ ਗੋਲੀ ਚਲਾ ਕੇ ਨੌਂ ਵਿਅਕਤੀ ਮਾਰ ਦਿੱਤੇ ਗਏ ਹਨ ਤੇ ਕਈ ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਮਿਲੀ ਹੈ।

# ਪਾਕਿਸਤਾਨ ਵਿੱਚ ਗੁਰਦੁਆਰਾ ਚੋਆ ਸਾਹਿਬ ਦੇ ਦਰਵਾਜ਼ੇ ਖੋਲ੍ਹੇ



ਲਾਹੌਰ, 5 ਅਗਸਤ (ਪੋਸਟ ਬਿਊਰੋ)- ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਚੋਆ ਸਾਹਿਬ, ਜਿਹਲਮ ਕੱਲ੍ਹ 70 ਸਾਲਾਂ ਬਾਅਦ ਸੰਗਤ ਦੇ ਦਰਸ਼ਨਾਂ ਲਈ ਖੋਲ੍ਹ ਦਿੱਤਾ ਗਿਆ।

ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਕੀਤੇ ਸਮਾਗਮ ਦੀ ਪ੍ਰਧਾਨਗੀ ਇਵੈਕੁਈ ਪ੍ਰਾਪਰਟੀ ਟਰੱਸਟ ਬੋਰਡ (ਈ ਪੀ ਟੀ ਬੀ) ਦੇ ਪ੍ਰਧਾਨ ਆਮਰ ਅਹਿਮਦ ਨੇ ਕੀਤੀ। ਇਸ ਦੌਰਾਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਤੇ ਕਮੇਟੀ ਦੇ ਹੋਰ ਮੈਂਬਰਾਂ ਨੇ ਪਾਕਿਸਤਾਨ ਸਰਕਾਰ ਦੀ ਇਤਿਹਾਸਕ ਪਹਿਲ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਪੂਰੀ ਦੁਨੀਆ ਦੇ ਸਿੱਖ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਰਿਣੀ ਹਨ ਕਿ ਉਨ੍ਹਾਂ ਨੇ ਸਿੱਖਾਂ ਲਈ ਬਹੁਤ ਕੁਝ ਕੀਤਾ ਹੈ। ਵਰਨਣ ਯੋਗ ਹੈ ਕਿ ਇਹ ਗੁਰਦੁਆਰਾ ਰੋਹਤਾਸ ਕਿਲ੍ਹੇ ਦੀ ਉਤਰੀ ਬਾਹੀ ਦੇ ਤਲਾਕੀ ਦਰਵਾਜ਼ੇ ਦੇ ਨੇੜੇ ਹੈ, ਜਿਥੇ ਪਿਛਲੇ 70 ਸਾਲਾਂ ਤੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਸੀ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਇਕ ਉਦਾਸੀ ਦੌਰਾਨ ਭਾਈ ਮਰਦਾਨਾ ਨਾਲ ਇਥੇ ਆਏ ਤੇ ਨੇੜੇ ਪੈਂਦੇ ਟਿੱਲਾ ਜੋਗੀਆਂ ਵਿਖੇ 40 ਦਿਨ ਠਹਿਰੇ ਸਨ। ਇਕ ਦਿਨ ਭਾਈ ਮਰਦਾਨਾ ਨੂੰ ਪਿਆਸ ਲੱਗੀ, ਪਰ ਨੇੜੇ ਤੇੜੇ ਪਾਣੀ ਹੈ ਨਹੀਂ ਸੀ। ਉਨ੍ਹਾਂ ਦੀ ਹਾਲਤ ਦੇਖ ਕੇ ਗੁਰੂ ਜੀ ਨੇ ਸੋਟੀ ਨਾਲ ਇਸ ਅਸਥਾਨ ਉਤੇ ਇਕ ਪੱਥਰ ਹਟਾਇਆ ਅਤੇ ਉਥੋਂ ਪਾਣੀ ਦਾ ਚਸ਼ਮਾ ਪ੍ਰਗਟ ਹੋ ਗਿਆ ਦਿੱਤਾ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ 1834 'ਚ ਬਣੀ ਸੀ ਤੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਵੇਲੇ ਸੰਗਤਾਂ ਨੂੰ ਸੌਂਪੀ ਸੀ।



Honesty, Reliability, Commitment
Hira Randhawa
Broker
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

| $679,999 | $689,999 | $699,000 | $699,900 |
|---|---|---|---|
| Flower-Town & Mclaughlin | Chinguacousy & Drinkwater | Netherwood/Morning Star | Edenbrook Hill/Wanless |
| Cozy Bungalow Built On 50*146.9 Ft Lot. This Home Is Perfect For First-Time Buyers. 3+2 Bdrms With 2 Full Bthrms. Fully Renovated Kitchen. Lots Of Outdoor Space For Summer Pot Lights On The Main Floor. The Whole House Rented For $ 2900. | A Great Opportunity To Own This Beautiful 3+1 Bedroom Detached Home In Brampton Prime Location!! Close To Schools, Mississauga, Hwy 407 And Much More Amenities!! This Home Is Good For A Single -Family Residence Or You Can Convert The Basement For Rental Potential!! | 4 Bedrooms Semi-Detached, Five Backsplit House With Two Bedrooms Basement With Separate Entrance, Huge Lot, 6 Car Parking, Good Sized Rooms, Very Desirable Location, Property Is Rented For $3200 + Utilities. | Beautiful Detached Home, Kitchen With Breakfast Area, Ceramic Floor And Walk-Out To Backyard. Master Bedroom Has 3Pc Ensuite Bathroom, Hardwood On Main Floors, Close To School, Park And All Amenities. Stainless Steel Appls. |

Call For:
RESP, SUPER -VISA,& TRAVEL
Insurance

H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

MICHELIN | HANKOOK | Continental | ROADLUX | BFGoodrich | AEOLUS | COMPASAL | Chevron Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਸੜਨ ਨਾਲ ਬਣੇ ਨਿਸ਼ਾਨ ਖਤਮ ਕਰੇਗੀ ਪੱਟੀ, ਮੁੱਲ 500 ਰੁਪਏ

## * ਜੈਲੀ ਫਿਸ਼ ਵਰਗਾ ਰੋਬੋਟ ਸਮੁੰਦਰੀ ਜੀਵਾਂ ਬਾਰੇ ਭੇਦ ਖੋਲ੍ਹੇਗਾ

ਨਵੀਂ ਦਿੱਲੀ, 5 ਅਗਸਤ (ਪੋਸਟ ਬਿਊਰੋ)- ਆਈ ਆਈ ਟੀ ਦਿੱਲੀ ਦੇ ਤਿੰਨ ਵਿਦਿਆਰਥੀਆਂ ਨੇ ਇੱਕ ਅਜਿਹੀ ਪੱਟੀ ਬਣਾਈ ਹੈ, ਜਿਹੜੀ ਬਰਨ ਇੰਜਰੀ (ਸੜਨ) ਦੇ ਨਿਸ਼ਾਨ ਗਾਇਬ ਕਰ ਦੇਵੇਗੀ। ਇਸ ਪੱਟੀ ਦੀ ਵਰਤੋਂ ਸੈਕਿੰਡ ਡਿਗਰੀ ਬਰਨ ਇੰਜਰੀ ਦੇ ਲਈ ਕੀਤੀ ਜਾਵੇਗੀ, ਭਾਵ ਕਿ ਜਿੱਥੇ ਜ਼ਖਮ ਡੂੰਘੇ ਹੁੰਦੇ ਜਾਂ ਸਕਿਨ ਦੀ ਦੂਸਰੀ ਪਰਤ ਤੱਕ ਜਾਂਦੇ ਹਨ। ਇਸ ਨਾਲ ਉਨ੍ਹਾਂ ਦਾ ਇਲਾਜ ਆਸਾਨੀ ਨਾਲ ਹੋ ਸਕੇਗਾ। ਇਸ ਪੱਟੀ ਨੂੰ ਵਿਦਿਆਰਥੀਆਂ ਆਰਾਧਾਨਾ, ਕੀਤ੍ਰਿਕਾ ਅਤੇ ਗੋਪੇਂਦਰ ਨੇ ਆਪਣੇ ਪ੍ਰੋਫੈਸਰਾਂ ਦੀ ਮਦਦ ਨਾਲ ਤਿਆਰ ਕੀਤਾ ਹੈ।

ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਦਾ ਦਾਅਵਾ ਹੈ ਕਿ ਇਸ ਪੱਟੀ ਨਾਲ ਔਸਤਨ ਅੱਧੇ ਸਮੇਂ ਵਿੱਚ ਸੜਨ ਦੇ ਜ਼ਖਮ ਭਰ ਜਾਂਦੇ ਹਨ। ਖਾਸ ਗੱਲ ਇਹ ਕਿ ਬਰਨ ਇੰਜਰੀ ਦਾ ਕੋਈ ਨਿਸ਼ਾਨ ਨਹੀਂ ਰਹਿੰਦਾ। ਇਸ ਦਾ ਸਫਲ ਤਜਰਬਾ ਏਮਜ਼ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਦੇ ਡਾਕਟਰ ਨਾਲ ਮਿਲ ਕੇ ਕੀਤਾ ਜਾ ਚੁੱਕਾ ਹੈ। ਰਿਪੋਰਟ ਮੁਤਾਬਕ ਇਸ ਤਰ੍ਹਾਂ ਦੀਆਂ ਪੱਟੀਆਂ ਅਮਰੀਕਾ ਵਰਗੇ ਦੇਸ਼ਾਂ ਵਿੱਚ ਮਿਲਦੀਆਂ ਹਨ, ਜਿੱਥੇ ਇਨ੍ਹਾਂ ਦੀ ਕੀਮਤ 50 ਹਜ਼ਾਰ ਰੁਪਏ ਤੱਕ ਹੈ ਤੇ ਇਸ ਦੇ ਬਾਅਦ ਭਾਰਤ ਵਿੱਚ ਇਨ੍ਹਾਂ ਪੱਟੀਆਂ ਨੂੰ 500 ਤੋਂ 1000 ਰੁਪਏ ਵਿੱਚ ਖਰੀਦਿਆ ਜਾ ਸਕੇਗਾ। ਅਮਰੀਕਾ ਦੇ ਮੁਕਾਬਲੇ ਇਹ ਪੱਟੀ ਕਾਫੀ ਸਸਤੀ ਪਵੇਗੀ। ਮੈਡੀਕਲ ਜਰਨਲ ਵਿੱਚ ਛਪੇ ਅੰਕੜਿਆਂ ਦੇ ਮੁਤਾਬਕ ਦੇਸ਼ ਵਿੱਚ ਹਰ ਸਾਲ 60 ਤੋਂ 70 ਲੱਖ ਲੋਕਾਂ ਨੂੰ ਬਰਨ ਇੰਜਰੀ ਹੁੰਦੀ ਹੈ।

ਇਸ ਦੌਰਾਨ ਇੰਦੌਰ ਦੇ ਵਿਦਿਆਰਥੀਆਂ ਨੇ ਸਮੁੰਦਰੀ ਜੀਵਨ ਦੇ ਗੁੱਝੇ ਭੇਦ ਸਮਝਣ ਵਿੱਚ ਮਦਦ ਲਈ ਵਿਸ਼ੇਸ਼ ਰੋਬੋਟ ਦਾ ਪ੍ਰੋਟੋਟਾਈਪ (ਨਮੂਨਾ) ਤਿਆਰ ਕਰ ਲਿਆ ਹੈ। ਜੈਲੀ ਫਿਸ਼ ਵਰਗਾ ਨਜ਼ਰ ਆਉਣ ਵਾਲਾ ਇਹ ਰੋਬੋਟ ਪਾਣੀ ਦੇ ਅੰਦਰ ਸਮੁੰਦਰੀ ਜੀਵ ਦੀ ਨਕਲ ਕਰ ਕੇ ਖਾਮੋਸ਼ੀ ਨਾਲ ਚੱਲਦਾ ਅਤੇ ਸਮੁੰਦਰ ਦੀ ਗਹਿਰਾਈ ਵਿੱਚ ਪਹੁੰਚ ਕੇ ਉਥੋਂ ਦੇ ਦੁਰਲਭ ਦ੍ਰਿਸ਼ਾਂ ਨੂੰ ਕੈਮਰਿਆਂ ਵਿੱਚ ਕੈਦ ਕਰ ਸਕਦਾ ਹੈ। ਆਈ ਆਈ ਟੀ ਦੀ ਮੈਕੇਟ੍ਰੋਨਿਕਸ ਐਂਡ ਇਨਸਟਰੂਮੈਂਟਸ ਲੈਬੋਰਟਰੀ ਦੇ ਮੁਖੀ ਆਈ ਏ ਪਲਾਨੀ ਨੇ ਦੱਸਿਆ ਕਿ ਕਰੀਬ 250 ਗਰਾਮ ਭਾਰ ਵਾਲਾ ਇਹ ਰੋਬੋਟ ਪ੍ਰੋਟੋਟਾਈਪ ਛੇ ਮਹੀਨੇ ਵਿੱਚ ਆਈ ਆਈ ਟੀ ਨੇ ਤਿਆਰ ਕੀਤਾ ਹੈ।

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd. Unit # 4, Brampton

# ਜਲਿਆਂਵਾਲਾ ਬਾਗ ਮੈਮੋਰੀਅਲ ਸੋਧ ਬਿੱਲ ਲੋਕ ਸਭਾ ਵਿੱਚ ਪਾਸ

## * ਕਾਂਗਰਸ ਇਸ ਤੋਂ ਲਾਂਭੇ ਕਰ ਦਿੱਤੀ ਗਈ




ਨਵੀਂ ਦਿੱਲੀ, 5 ਅਗਸਤ, (ਪੋਸਟ ਬਿਊਰੋ)- ਜਲਿਆਂਵਾਲਾ ਬਾਗ ਮੈਮੋਰੀਅਲ ਸੋਧ ਬਿੱਲ ਅੱਜ ਲੋਕਸਭਾ ਨੇ ਪਾਸ ਕਰ ਦਿੱਤਾ ਤੇ ਨਵੇਂ ਕਾਨੂੰਨ ਦੇ ਮੁਤਾਬਕ ਅੱਗੇ ਤੋਂ ਕਾਂਗਰਸ ਪਾਰਟੀ ਦੇ ਪ੍ਰਧਾਨ ਜਲਿਆਂਵਾਲਾ ਬਾਗ ਵਾਲੀ ਮੈਮੋਰੀਅਲ ਕਮੇਟੀ ਦੇ ਮੈਂਬਰਨਹੀਂ ਹੋਣਗੇ, ਜਦ ਕਿ ਅੱਜ ਤੱਕ ਇਹ ਕਾਨੂੰਨੀ ਤੌਰ ਉੱਤੇ ਸ਼ਾਮਲ ਕੀਤੇ ਜਾਂਦੇ ਸਨ।

ਕੇਂਦਰ ਦੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਪ੍ਰਹਲਾਦ ਸਿੰਘ ਪਟੇਲ ਨੇ ਬੀਤੇ ਸੋਮਵਾਰ ਲੋਕਸਭਾ ਵਿੱਚ ਇਹ ਬਿੱਲ ਪੇਸ਼ ਕੀਤਾ ਸੀ, ਜਿਹੜਾ ਅੱਜ ਸ਼ੁੱਕਰਵਾਰ ਨੂੰ ਪਾਸਕਰ ਦਿੱਤਾ ਗਿਆ। ਇਸ ਦੇ ਬਾਅਦ ਕਾਂਗਰਸ ਪਾਰਟੀ ਦੇ ਪ੍ਰਧਾਨ ਜਲਿਆਂਵਾਲਾ ਬਾਗ ਰਾਸ਼ਟਰੀ ਮੈਮੋਰੀਅਲ ਕਮੇਟੀ ਦੇ ਮੈਂਬਰਨਹੀਂ ਬਣ ਸਕਣਗੇ। ਇਸ ਬਿੱਲ ਦਾ ਨਾਂ ਜਲਿਆਂਵਾਲਾ ਬਾਗ ਰਾਸ਼ਟਰੀ ਮੈਮੋਰੀਅਲ ਸੋਧ ਬਿੱਲ ਹੈ। ਕਾਂਗਰਸ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੇ ਇਸ ਬਿੱਲ ਦਾ ਵਿਰੋਧ ਕੀਤਾ ਤੇ ਕਿਹਾ ਕਿ ਜਲਿਆਂਵਾਲਾ ਬਾਗ ਕਾਂਡ ਤੋਂ ਬਾਅਦ ਮੈਮੋਰੀਅਲ ਬਣਾਉਣ ਲਈ ਜਮੀਨ ਕਾਂਗਰਸ ਪਾਰਟੀ ਨੇ ਦਿੱਤੀ ਤੇ ਮੈਮੋਰੀਅਲ ਬਣਾਉਣ ਦਾ ਫੈਸਲਾ ਵੀ ਏਸੇ ਪਾਰਟੀ ਨੇ ਲਿਆ ਸੀ।

ਵਰਨਣ ਯੋਗ ਹੈ ਕਿ ਜਲਿਆਂਵਾਲਾ ਬਾਗ ਰਾਸ਼ਟਰੀ ਮੈਮੋਰੀਅਲ ਕਾਨੂੰਨ 1951 ਵਿੱਚਸੋਧ ਕਰ ਦਿੱਤੀ ਗਈ ਹੈ। ਪਹਿਲੇ 1951 ਦੇ ਕਾਨੂੰਨ ਪਿੱਛੋਂ ਸੈਫੁਦੀਨ ਕਿਚਲੂ ਅਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗੇ ਕਾਂਗਰਸ ਦੇ ਸੀਨੀਅਰ ਆਗੂਆਂ ਨੂੰ ਸਾਰੀ ਉਮਰ ਲਈ ਇਸ ਦੇ ਟਰੱਸਟੀ ਮੈਂਬਰ ਬਣਾਇਆ ਗਿਆ ਸੀ। ਇਸ ਕਾਨੂੰਨ ਵਿੱਚ ਜਲਿਆਂਵਾਲਾ ਬਾਗ ਨੂੰ ਰਾਸ਼ਟਰੀ ਮੈਮੋਰੀਅਲ ਬਣਾਉਣ ਤੇ ਉਸ ਦੀ ਦੇਖਭਾਲ ਦੇ ਲਈ ਇਕ ਟਰੱਸਟ ਬਣਾਉਣ ਦਾ ਪ੍ਰਬੰਧ ਕੀਤਾ ਗਿਆ ਸੀ, ਜਿਸ ਵਿੱਚ ਕਾਂਗਰਸ ਦੇ ਪ੍ਰਧਾਨ ਵੀ ਇਕ ਮੈਂਬਰਵਜੋਂ ਸ਼ਾਮਲ ਹੁੰਦੇ ਸਨ। ਤਾਜ਼ਾ ਬਿੱਲ ਨਾਲ ਕੇਂਦਰ ਸਰਕਾਰ ਨੇ ਬਦਲਾਅ ਕਰ ਕੇ ਕਾਂਗਰਸ ਪ੍ਰਧਾਨ ਨੂੰ ਕਮੇਟੀ ਮੈਂਬਰਵਜੋਂਨਾਮਜ਼ਦ ਕਰਨ ਦਾ ਪ੍ਰਬੰਧ ਹਟਾ ਦਿੱਤਾ ਹੈ।ਨਵੇਂ ਬਿੱਲ ਵਿੱਚ ਕਮੇਟੀ ਦੇ ਮੈਂਬਰਵਜੋਂ ਲੋਕ ਸਭਾ ਦੀ ਵਿਰੋਧੀ ਧਿਰ ਦੇ ਨੇਤਾ ਨੂੰ ਨਾਮਜ਼ਦ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਸਮੇਂ ਲੋਕ ਸਭਾ ਵਿੱਚ ਕਿਸੇ ਆਗੂ ਨੂੰ ਵਿਰੋਧੀ ਧਿਰ ਦੇ ਨੇਤਾ ਦਾ ਦਰਜ਼ਾ ਪ੍ਰਾਪਤ ਨਹੀਂ, ਇਸ ਲਈ ਉਹ ਕਮੇਟੀ ਮੈਂਬਰਨਹੀਂਹੋ ਸਕਦੇ।

ਜਲਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ ਦੇ ਟਰੱਸਟੀਆਂ ਵਿੱਚੋਂ ਕਾਂਗਰਸ ਪ੍ਰਧਾਨ ਦਾ ਨਾਂ ਕੱਢਣਦੀ ਸੋਧਦੇ ਬਿੱਲ ਨੂੰ ਸਾਜ਼ਿਸ਼ ਕਹਿ ਕੇ ਕਾਂਗਰਸ ਨੇ ਇਸ ਬਿੱਲ ਨੂੰ ਵਾਪਸ ਲੈਣ ਦੀ ਮੰਗ ਕੀਤੀ। ਜਲਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ (ਸੋਧ) ਬਿੱਲ 2019 ਉੱਤੇ ਲੋਕ ਸਭਾ ਵਿੱਚ ਚਰਚਾ ਸ਼ੁਰੂ ਕਰਦੇ ਹੋਏ ਕਾਂਗਰਸ ਦੇ ਗੁਰਜੀਤ ਸਿੰਘ ਔਜਲਾ ਨੇ ਸਰਕਾਰ ਉੱਤੇ ਇਤਿਹਾਸ ਨੂੰ ਖਤਮ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਜਲਿਆਂਵਾਲਾ ਬਾਗ ਕਾਂਡ ਤੋਂ ਬਾਅਦ ਮੈਮੋਰੀਅਲ ਬਣਾਉਣ ਲਈ ਜ਼ਮੀਨ ਕਾਂਗਰਸ ਨੇ ਦਿੱਤੀ ਤੇ ਮੈਮੋਰੀਅਲ ਬਣਾਉਣ ਦਾ ਫੈਸਲਾ ਕੀਤਾ ਸੀ। ਇਸ ਲਈ ਇਸ ਦੇ ਟਰੱਸਟ ਵਿੱਚ ਕਾਂਗਰਸ ਪ੍ਰਧਾਨ ਦਾ ਨਾਂ ਹੈ। ਉਨ੍ਹਾਂ ਨੇ ਕਿਹਾ ਕਿ ਆਜ਼ਾਦੀ ਤੋਂ ਪਹਿਲਾਂ ਤੇ ਆਜ਼ਾਦੀ ਤੋਂ ਬਾਅਦ ਕਾਂਗਰਸ ਦੇ ਕਈ ਨੇਤਾਵਾਂ ਨੇ ਬਲੀਦਾਨ ਦਿੱਤੇ ਹਨ, ਇਸ ਲਈ ਪਾਰਟੀ ਨੇਤਾ ਦਾ ਨਾਂ ਟਰੱਸਟੀਆਂ ਵਿੱਚ ਹੋਣਾ ਚਾਹੀਦਾ ਹੈ। ਔਜਲਾ ਨੇ ਦੋਸ਼ ਲਾਇਆ, 'ਇਹ ਬਿੱਲ ਸਿਰਫ ਮੈਮੋਰੀਅਲਤੋਂ ਕਾਂਗਰਸ ਦਾ ਨਾਂ ਹਟਾਉਣ ਦੀ ਸਾਜ਼ਿਸ਼ ਲਈ ਲਿਆਂਦਾ ਗਿਆ ਹੈ।'ਉਨ੍ਹਾਂ ਨੇ ਭਾਜਪਾ ਦੇ ਇਕ ਸੰਗਠਨ ਦਾ ਲੈਂਦੇ ਹੋਏ ਕਿਹਾ ਕਿ ਇਸ ਦੇ ਕਿਸੇ ਨੇਤਾ ਨੇ ਆਜ਼ਾਦੀ ਲਹਿਰ ਵਿੱਚ ਹਿੱਸਾ ਨਹੀਂ ਲਿਆ ਤੇ ਕੋਈ ਸ਼ਹਾਦਤ ਨਹੀਂ ਦਿੱਤੀ। ਇਸ ਉੱਤੇਕੁਝ ਭਾਜਪਾ ਮੈਂਬਰਾਂ ਨੇ ਵਿਰੋਧ ਕੀਤਾ ਅਤੇ ਤਿੱਖੀ ਬਹਿਸ ਹੁੰਦੀ ਰਹੀ।

# ਐਨ ਡੀ ਟੀ ਵੀ ਦੇ ਪ੍ਰਮੁੱਖ ਪੱਤਰਕਾਰ ਰਵੀਸ਼ ਕੁਮਾਰ ਨੂੰ ਪ੍ਰਸਿੱਧ ਮੈਗਾਸਾਸੇ ਐਵਾਰਡ ਮਿਲੇਗਾ



ਨਵੀਂ ਦਿੱਲੀ, 5 ਅਗਸਤ, (ਪੋਸਟ ਬਿਊਰੋ)- ਪੱਤਰਕਾਰੀ ਖੇਤਰ ਵਿਚ ਅਪਣੀ ਵੱਖਰੀ ਪਛਾਣ ਬਣਾ ਚੁੱਕੇ ਐਨਡੀਟੀਵੀ ਇੰਡੀਆ ਦੇ ਮੈਨੇਜਿੰਗ ਐਡੀਟਰ ਰਵੀਸ਼ ਕੁਮਾਰ ਨੂੰ 2019 ਲਈ 'ਰੇਮਨ ਮੈਗਸੇਸੇ' ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ। ਇਸ ਵੱਕਾਰੀ ਐਵਾਰਡ ਨੂੰ ਏਸ਼ੀਆ ਦਾ ਨੋਬਲ ਇਨਾਮ ਕਿਹਾ ਜਾਂਦਾ ਹੈ। ਐਵਾਰਡ ਦੇਣ ਵਾਲੀ ਸੰਸਥਾ ਨੇ ਰਵੀਸ਼ ਨੂੰ ਇਹ ਇਨਾਮ ਬੇਆਵਾਜ਼ਿਆਂ ਦੀ ਆਵਾਜ਼ ਬਣਨ ਦੇ ਲਈ ਦਿੱਤਾ ਹੈ।ਇਹ ਇਨਾਮ ਫਿਲੀਪੀਨਸ ਦੇ ਸਾਬਕਾ ਰਾਸ਼ਟਰਪਤੀ ਰੈਮਾਨ ਮੈਗਸੇਸੇ ਦੀ ਯਾਦ ਵਿਚ ਦਿੱਤਾ ਜਾਂਦਾ ਹੈ।

ਰੈਮਾਨ ਮੈਗਸੇਸੇ ਐਵਾਰਡ ਫਾਊਂਡੇਸ਼ਨ ਦਾ ਕਹਿਣਾ ਹੈ ਕਿ ਰਵੀਸ਼ ਕੁਮਾਰ ਦਾ ਪ੍ਰੋਗਰਾਮ 'ਪ੍ਰਾਈਮ ਟਾਈਮ' ਆਮ ਲੋਕਾਂ ਦੀਆਂ ਅਸਲ, ਅਣ-ਕਹੀਆਂ ਸਮੱਸਿਆਵਾਂ ਦਾ ਪ੍ਰੋਗਰਾਮ ਹੈ। ਰਵੀਸ਼ ਏਦਾਂ ਦੇ ਛੇਵੇਂ ਪੱਤਰਕਾਰ ਹਨ, ਜਿਨ੍ਹਾਂ ਨੂੰ ਇਹ ਐਵਾਰਡ ਮਿਲਿਆ ਹੈ। ਇਸ ਤੋਂ ਪਹਿਲਾਂ 1961 ਵਿਚ ਅਮਿਤਾਬ ਚੌਧਰੀ, 1975 ਵਿਚ ਬੀਜੀ ਵਰਗੀਜ਼, 1982 ਵਿਚ ਅਰੁਣ ਸ਼ੋਰੀ, 1984 ਵਿਚ ਆਰ ਕੇ ਲਕਸ਼ਮਣ ਅਤੇ 2007 ਵਿਚ ਪੀ ਸਾਈਨਾਥ ਨੂੰ ਵੀ ਇਹ ਐਵਾਰਡ ਮਿਲ ਚੁੱਕਾ ਹੈ।ਰਵੀਸ਼ ਕੁਮਾਰ ਨੇ ਇੱਥੋਂ ਤੱਕ ਪੁੱਜਣ ਲਈ ਕਾਫ਼ੀ ਲੰਬਾ ਸਫ਼ਰ ਤੈਅ ਕੀਤਾ ਹੈ। ਬਹੁਤ ਹੇਠਾਂ ਤੋਂ ਸ਼ੁਰੂ ਕਰ ਕੇ ਉਹ ਇੱਥੋਂ ਤਕ ਪੁੱਜੇ ਹਨ। ਸਾਲ 1996 ਤੋਂ ਰਵੀਸ਼ ਕੁਮਾਰ ਐਨਡੀਟੀ ਵੀ ਨਾਲ ਜੁੜੇ ਹੋਏ ਹਨ। ਸ਼ੁਰੂ ਦੇ ਦਿਨਾਂ ਵਿਚ ਰਵੀਸ਼ ਐਨਡੀਟੀਵੀ ਵਿਚ ਆਈਆਂ ਚਿੱਠੀਆਂ ਛਾਂਟਣ ਦਾ ਕੰਮ ਕਰਦੇ ਸਨ, ਫਿਰ ਉਹ ਰਿਪੋਰਟਿੰਗ ਵੱਲ ਮੁੜੇ ਅਤੇ ਉਨ੍ਹਾਂ ਦੀਆਂ ਅੱਖਾਂ ਨੇ ਦੇਸ਼ ਤੇ ਸਮਾਜ ਦੀਆਂ ਸਮੱਸਿਆਵਾਂ ਨੂੰ ਪਛਾਣਿਆ। ਉਨ੍ਹਾਂ ਦਾ ਪ੍ਰੋਗਰਾਮ 'ਰਵੀਸ਼ ਦੀ ਰਿਪੋਰਟ' ਦੇਸ਼ ਵਿਚ ਬੜਾ ਚਰਚਿਤ ਹੋਇਆ ਤੇ ਆਮ ਲੋਕਾਂ ਦਾ ਪ੍ਰੋਗਰਾਮ ਬਣ ਗਿਆ।ਇਸ ਦੇਸ਼ ਵਿਚ ਜਿਸ ਨੂੰ ਵੀ ਲਗਦਾ ਹੈ ਕਿ ਉਸ ਦੀ ਕੋਈ ਆਵਾਜ਼ ਨਹੀਂ ਸੁਣਦਾ, ਉਸ ਨੂੰ ਰਵੀਸ਼ ਕੁਮਾਰ ਤੋਂਆਸ ਹੁੰਦੀ ਹੈ। ਟੀਵੀ ਪੱਤਰਕਾਰਤਾ ਦੇ ਸ਼ੋਰ-ਸ਼ਰਾਬੇ ਦੇ ਦੌਰ ਵਿਚ ਉਨ੍ਹਾਂ ਨੇ ਸਰੋਕਾਰ ਵਾਲੀ ਪੱਤਰਕਾਰਤਾ ਦਾ ਝੰਡਾ ਉੱਚਾ ਰੱਖਿਆ ਹੈ। ਮੀਡੀਆ ਦੇ ਵੱਡੇ ਹਿੱਸੇ ਵੱਲੋਂ ਸੱਤਾ ਅੱਗੇ ਗੋਡੇ ਟੇਕ ਜਾਣ ਪਿੱਛੋਂ ਵੀ ਰਵੀਸ਼ ਬਿਨਾ ਝੁਕੇ ਬੇਖ਼ੌਫ਼ ਪੱਤਰਕਾਰੀ ਕਰਦੇ ਰਹੇ। ਉਹ ਆਪਣੇ ਸਟਾਈਲ ਬਾਰੇ ਪ੍ਰਸਿੱਧ ਹਨ ਅਤੇ ਬੜੇ ਸਾਦੇ ਢੰਗ ਨਾਲ ਜਨਤਕ ਮੁੱਦਿਆਂ ਨੂੰ ਅਪਣੇ ਚੈਨਲ ਉੱਤੇ ਉਠਾਉਂਦੇ ਹਨ। ਇਸ ਸਮੇਂ ਰਵੀਸ਼ ਕੁਮਾਰ ਦੇ ਦੇਸ਼ ਵਿਚ ਲੱਖਾਂ ਪ੍ਰਸ਼ੰਸਕ ਹਨ। ਸੋਸ਼ਲ ਮੀਡੀਆ ਸਾਈਟ ਫੇਸਬੁੱਕ ਉੱਤੇ ਉਨ੍ਹਾਂ ਦੇ 1.2 ਮਿਲੀਅਨ ਲਾਈਕਸ ਅਤੇ 1.3 ਮਿਲੀਅਨ ਤੋਂਵੱਧ ਫਾਲੋਅਰਜ਼ ਹਨ ਤੇ ਟਵਿੱਟਰ ਉੱਤੇ 9 ਲੱਖ ਦੇ ਕਰੀਬ ਲੋਕ ਉਨ੍ਹਾਂ ਨੂੰ ਫਾਲੋ ਕਰਦੇ ਹਨ।

# ਸਿੰਗਾਪੁਰ ਵਿੱਚ ਨਸਲਵਾਦ ਹੈ, ਪਰ ਸੁਧਾਰ ਹੋ ਰਿਹੈ: ਕੇ.ਸ਼ਾਨਮੁਗਾਮ

ਸਿੰਗਾਪੁਰ, 5 ਅਗਸਤ (ਪੋਸਟ ਬਿਊਰੋ)- ਸਿੰਗਾਪੁਰ ਦੇ ਗ੍ਰਹਿ ਮੰਤਰੀ ਮੰਤਰੀ ਕੇ. ਸ਼ਾਨਮੁਗਾਮ ਨੇ ਇਹ ਮੰਨਿਆ ਹੈ ਕਿ ਸਿੰਗਾਪੁਰ 'ਚ ਨਸਲਵਾਦ ਹੈ, ਪਰ ਸਥਿਤੀ ਪਿਛਲੇ ਸਾਲਾਂ ਨਾਲੋਂ ਸੁਧਰ ਰਹੀ ਹੈ। ਉਨ੍ਹਾਂ ਦਾ ਇਹ ਬਿਆਨ ਭਾਰਤੀ ਮੂਲ ਦੇ ਦੋ ਲੋਕਾਂ ਵੱਲੋਂ ਯੂ-ਟਿਊਬ 'ਤੇ ਨਸਲਵਾਦ ਨਾਲ ਸਬੰਧਤ ਇਕ ਵੀਡੀਓ ਪਾਉਣ ਦੇ ਬਾਅਦ ਆਇਆ ਹੈ।

ਅਸਲ ਵਿੱਚ ਸਿੰਗਾਪੁਰ 'ਚ ਭਾਰਤੀ ਮੂਲ ਦੀ ਪ੍ਰੀਤੀ ਨਾਇਰ ਅਤੇ ਉਸ ਦੇ ਭਰਾ ਸੁਭਾਸ਼ ਨੇ ਇਕ ਈ-ਭੁਗਤਾਨ ਦੀ ਆਲੋਚਨਾ ਕਰਨ ਦੇ ਚੱਕਰ 'ਚ ਇਕ ਨਸਲੀ ਵੀਡੀਓ ਯੂ-ਟਿਊਬ ਉਤੇ ਪਾ ਦਿੱਤੀ ਸੀ, ਜਿਸ ਲਈ ਉਨ੍ਹਾਂ ਨੇ ਬਿਨਾਂ ਸ਼ਰਤ ਮੁਆਫੀ ਮੰਗਦਿਆਂ ਆਪਣੀ ਗਲਤੀ ਦਾ ਅਹਿਸਾਸ ਕੀਤਾ ਹੈ। ਇਸ ਪਿੱਛੋਂ ਸਿੰਗਾਪੁਰ ਦੇ ਗ੍ਰਹਿ ਮੰਤਰੀ ਸ਼ਾਨਮੁਗਮ ਦੀ ਇਹ ਟਿੱਪਣੀ ਆਈ ਹੈ। ਚੈਨਲ 'ਨਿਊਜ਼ ਏਸ਼ੀਆ' ਨੇ ਫੇਸਬੁੱਕ ਪੋਸਟ ਦੇ ਹਵਾਲੇ ਨਾਲ ਕਿਹਾ ਕਿ ਲੋਕ ਨਾਰਾਜ਼ ਹਨ ਅਤੇ ਅਸੀਂ ਇਸ ਲਈ ਇਮਾਨਦਾਰੀ ਨਾਲ ਮੁਆਫੀ ਮੰਗਦੇ ਹਾਂ। 'ਨੈਟਵਰਕ ਫਾਰ ਇਲੈਕਟ੍ਰਾਨਿਕ ਟਰਾਂਸਫਰ' ਇਸ਼ਤਿਹਾਰ ਦੇ ਖਿਲਾਫ ਬਣਾਈ ਗਈ ਉਨ੍ਹਾਂ ਦੀ ਵੀਡੀਓ ਵਾਇਰਲ ਹੋ ਗਈ ਸੀ। ਚੀਨੀ ਕਲਾਕਾਰ ਡੇਨਿਸ ਚਿਊ ਨੇ ਇਕ ਭਾਰਤੀ ਔਰਤ ਸਮੇਤ ਚਾਰ ਕਿਰਦਾਰ ਨਿਭਾਏ ਹਨ, ਜਿਸ 'ਚ ਮਹਿਲਾ ਦੇ ਕਿਰਦਾਰ ਨੂੰ ਕਾਲਾ ਦਿਖਾਇਆ ਗਿਆ ਹੈ। ਇਸ਼ਤਿਹਾਰ ਅਤੇ ਰੈਪ ਵੀਡੀਓ ਦੋਵਾਂ ਨੂੰ ਅਪਮਾਨ ਜਨਕ ਦੱਸਿਆ ਗਿਆ ਹੈ। ਸ਼ਾਨਮੁਗਮ ਨੇ ਵੁੱਡਸਲੈਂਡ ਦੇ ਮੰਦਰ 'ਚ ਬੋਲਦਿਆਂ ਕਿਹਾ ਕਿ ਇਨ੍ਹਾਂ ਭੈਣ ਭਰਾਵਾਂ ਨੂੰ ਸਾਰਿਆਂ ਵਾਂਗ ਮੁੱਦਾ ਉਠਾਉਣ ਦਾ ਅਧਿਕਾਰ ਸੀ, ਪਰ ਜਿਵੇਂ ਉਠਾਇਆ ਗਿਆ, ਉਹ ਗਲਤ ਹੈ।



Marriage

Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਨਾਈ ਵੈਸ਼ਨੋ ਲੜਕਾ, ਉਮਰ 25 ਸਾਲ, 5'-7'' ਮਾਸਟਰ ਡਿਗਰੀ ਅਕਾਊਂਟਸ ਆਸਟਰੇਲੀਆ ਲਈ ਕੈਨੇਡਾ ਜਾ ਆਸਟਰੇਲੀਆ ਵਿੱਚ ਰਹਿੰਦੀ ਮਾਸਟਰ ਡਿਗਰੀ ਵਾਲੀ ਸੁੰਦਰ ਤੇ ਵੈਸ਼ਨੋ ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-261-3212

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੂਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਾਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੈਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

Check our Free E-paper at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੇ ਦੀ ਲੋੜ

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Cell n Tell Distribution Inc.

1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

Cell n Tell Distribution Inc.

1-401 Traders Blvd E, Mississauga, ON

Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092

www.STARLANEPAINTING.com

ਹਰਜੀਤ ਧਨੋਆ

# ਇਲੈਕਟਰਜ਼ ਵੈਰੀਫਿਕੇਸ਼ਨ ਪ੍ਰੋਗਰਾਮ ਅਧੀਨ ਮਤਦਾਤਾ ਆਪਣੇ ਅਤੇ ਆਪਣੇ ਪਰਿਵਾਰ ਦੇ ਇੰਦਰਾਜਾਂ ਦੀ ਖੁਦ ਤਸਦੀਕ ਕਰ ਸਕਣਗੇ : ਕਲੇਰ



ਨਵਾਂਸ਼ਹਿਰ, 5 ਅਗਸਤ (ਗਿਆਨ ਸਿੰਘ): ਭਾਰਤ ਦੇ ਚੋਣ ਕਮਿਸ਼ਨ ਵਲੋਂ ਮਤਦਾਤਾ ਸੂਚੀਆਂ ਵਿੱਚ ਦਰਜ ਵੋਟਰਾਂ ਦੇ ਇੰਦਰਾਜਾਂ ਦੀ ਤਸਦੀਕ ਲਈ ਚਲਾਏ ਗਏ ਇਲੈਕਟਰਜ਼ ਵੈਰੀਫਿਕੇਸ਼ਨ ਪ੍ਰੋਗਰਾਮ ਤਹਿਤ ਨਾਗਰਿਕਾਂ ਨੂੰ ਆਪਣੇ ਇੰਦਰਾਜ ਖੁਦ ਤਸਦੀਕ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ, ਜਿਸ ਤਹਿਤ ਕੋਈ ਵੀ ਨਾਗਰਿਕ ਆਪਣੇ ਜਾਂ ਆਪਣੇ ਪਰਿਵਾਰ ਦੇ ਇੰਦਰਾਜਾਂ ਦੀ ਤਸਦੀਕ ਪਾਸਪੋਰਟ/ਡਰਾਇਵਿੰਗ ਲਾਇਸੈਂਸ/ਆਧਾਰ ਕਾਰਡ/ਰਾਸ਼ਨ ਕਾਰਡ ਜਾਂ ਭਾਰਤ ਦੇ ਚੋਣ ਕਮਿਸ਼ਨ ਵਲੋਂ ਪ੍ਰਮਾਣਿਤ ਪਛਾਣ ਨਾਲ ਸਬੰਧਤ ਕਿਸੇ ਵੀ ਦਸਤਾਵੇਜ਼ ਦੀ ਕਾਪੀ ਦੇ ਕੇ ਆਪਣੀ ਦਰੁਸਤੀ ਕਰਵਾ ਸਕਦੇ ਹਨ।

ਇਹ ਪ੍ਰਗਟਾਵਾ ਅੱਜ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਨੁਪਮ ਕਲੇਰ ਨੇ ਮਤਦਾਤਾ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦੇ ਉਕਤ ਪ੍ਰੋਗਰਾਮ ਸਬੰਧੀ ਸਵੀਪ ਕੋਰ ਕਮੇਟੀ ਦੇ ਮੈਂਬਰਾਂ ਨਾਲ ਕੀਤੀ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ 16 ਅਗਸਤ ਤੋਂ 30 ਸਤੰਬਰ ਤੱਕ ਚੱਲਣ ਵਾਲੇ ਈ.ਵੀ.ਪੀ. ਪ੍ਰੋਗਰਾਮ ਲਈ ਨੈਸ਼ਨਲ ਵੋਟਰ ਸਰਵਿਸ ਪੋਰਟਲ, ਵੋਟਰ ਹੈਲਪ ਲਾਇਨ 1950 (ਕੇਵਲ ਸੀਨੀਅਰ ਸਿਟੀਜ਼ਨ ਅਤੇ ਦਿਵਿਆਂਗ ਵੋਟਰਾਂ ਲਈ), ਸੀ.ਐਸ.ਸੀ. ਸੈਂਟਰਾਂ 'ਤੇ ਜਾ ਕੇ (ਸੈਂਟਰਾਂ ਦੀ ਲਿਸਟ ਜ਼ਿਲ੍ਹੇ ਦੀ ਵੈੱਬਸਾਇਟ 'ਤੇ ਅੱਪਲੋਡ ਕੀਤੀ ਗਈ ਹੈ) ਜਾਂ ਹਾਰਡ ਕਾਪੀ ਆਪਣੇ ਸਬੰਧਤ ਬੀ.ਐਲ.ਓ. ਰਾਹੀਂ ਈ.ਆਰ.ਓਜ਼. (ਐਸ.ਡੀ.ਐਮ. ) ਨੂੰ ਦਿੱਤੀ ਜਾ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਜੇ ਕੋਈ ਨਵਾਂ ਵੋਟਰ ਬਣਨਾ ਚਾਹੁੰਦਾ ਹੈ ਤਾਂ ਉਹ ਫਾਰਮ ਨੰ: 6, ਭਾਰਤੀ ਪਾਸਪੋਰਟ ਧਾਰਕ ਪ੍ਰਵਾਸੀ ਫਾਰਮ ਨੰ: 6-ਏ, ਭਰ ਸਕਦਾ ਹੈ। ਜੇਕਰ ਕੋਈ ਇਕੋ ਵਿਧਾਨ ਸਭਾ ਹਲਕੇ 'ਚ ਆਪਣਾ ਪਤਾ ਤਬਦੀਲ ਕਰ ਚੁੱਕਾ ਹੈ ਤਾਂ ਫਾਰਮ ਨੰ: 7, ਡੁਪਲੀਕੇਟ ਵੋਟ ਕਟਵਾਉਣ ਲਈ ਵੀ ਫਾਰਮ ਨੰ: 7, ਮਤਦਾਤਾ ਸੂਚੀ ਵਿੱਚ ਨਾਮ ਦਰੁਸਤੀ ਲਈ ਫਾਰਮ ਨੰ: 8 ਅਤੇ ਹਲਕਾ ਤਬਦੀਲ ਹੋਣ 'ਤੇ ਫਾਰਮ ਨੰ: 8-ਏ ਵਿੱਚ ਬਿਨੈ ਕਰ ਸਕਦਾ ਹੈ।

ਉਨ੍ਹਾਂ ਨੇ ਜ਼ਿਲ੍ਹੇ ਦੇ ਸਮੂਹ ਦਫ਼ਤਰਾਂ/ਵਿਭਾਗਾਂ ਦੇ ਸਟਾਫ਼ ਅਤੇ ਉਨ੍ਹਾਂ ਦੇ ਪਰਿਵਾਰਾਂ ਸਬੰਧੀ ਇੰਦਰਾਜਾਂ ਦੀ ਵੈਰੀਫਿਕੇਸ਼ਨ ਦੀ ਜ਼ਿੰਮੇਂਵਾਰੀ ਸਬੰਧਤ ਵਿਭਾਗ ਦੇ ਜ਼ਿਲ੍ਹਾ ਮੁਖੀ ਨੂੰ ਸੌਂਪਦਿਆ ਇਸ ਸਬੰਧੀ ਕੰਮ ਮੁਕੰਮਲ ਉਪਰੰਤ ਰਿਪੋਰਟ ਜ਼ਿਲ੍ਹਾ ਚੋਣ ਦਫ਼ਤਰ ਨੂੰ ਭੇਜਣ ਦੀ ਹਦਾਇਤ ਕੀਤੀ । ਇਸੇ ਤਰ੍ਹਾਂ ਵੱਖ ਵੱਖ ਵਿਦਿਅਕ ਸੰਸਥਾਵਾਂ ਵਿੱਚ ਨਿਯੁਕਤ ਨੋਡਲ ਅਫ਼ਸਰ ਅਤੇ ਕੈਂਪਸ ਅੰਬੇਸਡਰਜ਼ ਵਲੋਂ ਸਵੀਪ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ/ਸਟਾਫ਼ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਵੋਟਰ ਸੂਚੀਆਂ ਦੇ ਇੰਦਰਾਜ਼ ਦਰੁਸਤ ਕਰਵਾਉਣ ਲਈ ਪ੍ਰੇਰਨ ਲਈ ਆਖਿਆ ਗਿਆ । ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 2 ਅਤੇ 3 ਨਵੰਬਰ ਅਤੇ 9 ਅਤੇ 10 ਨਵੰਬਰ ਨੂੰ ਬੀ.ਐਲ.ਓ. ਆਪਣੇ ਬੂਥ 'ਤੇ ਬੈਠਕੇ ਕੇ ਵੀ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨਗੇ।

ਜ਼ਿਲ੍ਹਾ ਚੋਣ ਦਫ਼ਤਰ ਦੇ ਤਹਿਸੀਲਦਾਰ ਹਰੀਸ਼ ਕੁਮਾਰ ਨੇ ਮਤਦਾਤਾ ਸੂਚੀਆਂ ਦੇ ਸੁਧਾਈ ਅਤੇ ਤਸਦੀਕ ਪ੍ਰੋਗਰਾਮ ਦਾ ਬਿਊਰਾ ਦਿੰਦਿਆ ਦੱਸਿਆ ਕਿ 1 ਸਤੰਬਰ ਤੋਂ 30 ਸਤੰਬਰ ਤੱਕ ਬੀ.ਐਲ.ਓਜ਼. ਵਲੋਂ ਘਰ ਘਰ ਜਾ ਕੇ ਤਸਦੀਕ ਕੀਤੀ ਜਾਵੇਗੀ। 15 ਅਕਤੂਬਰ ਨੂੰ ਮਤਦ-ਾਤਾ ਸੂਚੀਆਂ ਦਾ ਖਰੜਾ ਪ੍ਰਕਾਸ਼ਿਤ ਕੀਤਾ ਜਾਵੇਗਾ। ਇਸ ਖਰੜੇ ਦੇ ਅਧਾਰ 'ਤੇ 15 ਅਕਤੂਬਰ ਤੋਂ 30 ਨਵੰਬਰ ਤੱਕ ਦਾਅਵੇ ਤੇ ਇਤਰਾਜ਼ ਦਿੱਤੇ ਜਾ ਸਕਣਗੇ, ਜਿਨ੍ਹਾਂ ਦਾ ਨਿਪਟਾਰਾ 15 ਦਸੰਬਰ ਤੱਕ ਕੀਤਾ ਜਾਵੇਗਾ। ਇਸ ਸਾਰੀ ਪ੍ਰਕਿਰਿਆ ਤੋਂ ਬਾਅਦ ਜਨਵਰੀ 2020 ਦੇ ਪਹਿਲੇ ਅੱਧ 'ਚ ਅੰਤਿਮ ਮਤਦਾਤਾ ਸੂਚੀ ਪ੍ਰਕਾਸ਼ਿਤ ਕੀਤੀ ਜਾਵੇਗੀ।

## ਕਾਨੂੰਨੀ ਨੋਟਿਸ

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੂਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੋਂਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

# ਸਖੀ ਵਨ ਸਟਾਪ ਸੈਂਟਰ ਵਿਖੇ ਪਰਿਵਾਰਿਕ ਤੇ ਹੋਰ ਕੇਸਾਂ ਦੀ ਸੁਣਵਾਈ ਲਈ ਬੈਠਕ



ਨਵਾਂਸ਼ਹਿਰ, 5 ਅਗਸਤ (ਗਿਆਨ ਸਿੰਘ): ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ਾ 'ਤੇ ਅਤੇ ਏ. ਐਸ. ਗਰੇਵਾਲ, ਜ਼ਿਲ੍ਹਾ ਅਤੇ ਸੈਸਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਦੀਆਂ ਹਦਾਇਤਾ 'ਤੇ ਸਖੀ ਵਨ ਸਟਾਪ ਸੈਂਟਰ ਸਿਵਲ ਹਸਪਤਾਲ ਨਵਾਂਸ਼ਹਿਰ ਵਿਖੇ ਲੋਕਾਂ ਦੇ ਪਰਿਵਾਰਿਕ ਅਤੇ ਹੋਰ ਕੇਸਾਂ ਦੀ ਸੁਣਵਾਈ ਕਰਨ ਲਈ ਬੈਠਕ ਕਰਵਾਈ ਗਈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਕੱਤਰ ਸੀ.ਜੇ.ਐਮ. ਹਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਬੈਠਕ ਦਾ ਮੰਤਵ ਸਖੀ ਵਨ ਸਟਾਪ ਸੈਂਟਰ ਨਾਲ ਜੁੜੇ ਸਮੂਹ ਦਫ਼ਤਰਾਂ ਦੇ ਅਧਿਕਾਰੀਆਂ ਦੀ ਸ਼ਮੂਲੀਅਤ ਨਾਲ ਉਥੇ ਆਉਣ ਵਾਲੇ ਕੇਸਾਂ ਦੀ ਸੁਣਵਾਈ ਕਰਨ ਦਾ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ 'ਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਿਲ੍ਹਾ ਪ੍ਰੋਗਰਾਮ ਦਫਤਰ ਸ਼ਹੀਦ ਭਗਤ ਸਿੰਘ ਨਗਰ ਦੇ ਸਹਿਯੋਗ ਨਾਲ ਲੋਕਾਂ ਦੇ ਪਰਿਵਾਰਿਕ ਮਾਮਲਿਆਂ ਦਾ ਸਖੀ ਵਨ ਸਟਾਪ ਸੈਂਟਰ ਸਿਵਲ ਹਸਪਤਾਲ ਨਵਾਂਸ਼ਹਰ ਵਿਖੇ ਮਹੀਨੇ 'ਚ ਘੱਟੋ ਘੱਟ ਇੱਕ ਕਾਊਂਸਲਿੰਗ ਲਾਜ਼ਮੀ ਰੱਖ ਕੇ ਨਿਪਟਾਰਾ ਕੀਤਾ ਜਾਵੇਗਾ।

ਇਸ ਮੀਟਿੰਗ ਵਿੱਚ ਡੀ.ਐਸ.ਪੀ. ਨਿਰਮਲ ਸਿੰਘ,. ਮਨਜੀਤ ਕੌਰ ਜਿਲ੍ਹਾ ਪ੍ਰੋਗਰਾਮ ਅਫਸਰ, ਸ਼ਹੀਦ ਭਗਤ ਸਿੰਘ ਨਗਰ ਡਾਕਟਰ ਨੀਨਾ, ਸੀਨਿਅਰ ਮੈਡੀਕਲ ਅਫਸਰ, ਸਿਵਲ ਹਸਪਤਾਲ, ਸ਼ਹੀਦ ਭਗਤ ਸਿੰਘ ਨਗਰ ਸ. ਨਿਰਮਲ ਸਿੰਘ, ਡਿਪਟੀ ਸੁਪਰਡੈਂਟ ਆਫ ਪੁਲਿਸ, (ਵੁਮਨ ਸੈਲ) ਸ਼ਹੀਦ ਭਗਤ ਸਿੰਘ ਨਗਰ ਮਿਸ. ਸਮਾਈਲੀ ਬਿੰਦ ਨੋਡਲ ਅਫਸਰ, ਸਖੀ ਵਨ ਸਟਾਫ ਸੈਂਟਰ, ਸਿਵਲ ਹਸਪਤਾਲ ਸਹੀਦ ਭਗਤ ਸਿੰਘ ਨਗਰ, ਅਮਨਦੀਪ ਕੌਰ ਐਲ. ਪੀ. ਓ., ਵਾਸਦੇਵ ਪਰਦੇਸੀ, ਪੈਰਾ ਲੀਗਲ ਵਲੰਟੀਅਰ, ਸ਼ਹੀਦ ਭਗਤ ਸਿੰਘ ਨਗਰ ਹਿਮਾਨਸ਼ਿਕਾ, ਗੁਰਪ੍ਰੀਤ ਸਿੰਘ ਅਤੇ ਰੋਹਿਤ ਕੁਮਾਰ ਜਾਗੜਾ, ਦਫਤਰੀ ਸਹਾਇਕ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਵਲੋ ਮੌਜੂਦ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

GABRIEL EXCAVATING & GRADING LTD.
ਮਾਰਖਮ ਵਿੱਚ ਮਕੈਨਿਕ ਦੀ ਲੋੜ
• Full Time Heavy Equipment Mechanic (310T Preferred)
• Exp. with CAT equipment & Mack Trucks
• Company truck supplied
ਹੋਰ ਵੀ ਕਈ ਸੇਵਾਵਾਂ ਤੇ ਰਿਟਾਇਰ ਹੋਣ ਤੇ ਪੈਨਸ਼ਨ ਵੀ ਦਿੱਤੀ ਜਾਂਦੀ ਹੈ
ਕਾਲ ਕਰੋ: 905-470-0482

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ 'ਚ ਇਕ ਸੈਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੁਹਣੀ, ਗਿੱਟੇ, ਚੁਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੌ ਬਰ ਨੌ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਕਲਿ ਤਾਰਣ ਗੁਰੂ ਨਾਨਕ ਆਇਆ ॥



ਕਰਨੈਲ ਸਿੰਘ ਟੋਰਾਂਟੋ
416-746-7642

ਦੋਹਰਾ॥ ਤਿਨ ਬੇਦੀਯਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ॥

ਸਭ ਸਿੱਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥੪॥ (ਦਸਮ ਗ੍ਰੰਥ)

ਸੰਮਤ 1526 ਕੱਤਕ ਸੁਦੀ ਪੂਰਨਮਾਸ਼ੀ ਪਿਤਾ ਕਾਲੂ ਮਹਿਤਾ, ਮਾਤਾ ਤ੍ਰਿਪਤਾ, ਰਾਇ ਭੁਇ ਦੀ ਤਲਵੰਡੀ ਵਿਚ ਅਵਤਾਰ ਧਾਰਿਆ, ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ।

ਤਥਾ: ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ॥

(ਪੰਨਾ ੧੩੯੫)

ਜਿਸ ਵੇਲੇ ਧਰਤੀ ਤੇ ਪਾਪ ਕਰਮ ਅਤਿਆਚਾਰ ਵਧ ਜਾਂਦੇ ਹਨ ਤਾਂ ਆਪ ਹੀ ਪ੍ਰਭੂ ਅਵਤਾਰ ਧਾਰਦਾ ਹੈ।

ਚੌਪਈ॥ ਜਬ ਜਬ ਹੋਤ ਅਰਿਸਟ ਅਪਾਰਾ॥ ਤਬ ਤਬ ਦੇਹ ਧਰਤ ਅਵਤਾਰਾ॥

(ਦਸਮ ਗ੍ਰੰਥ, ਪੰਨਾ ੧੫੫)

ਤਥਾ: ਭਏ ਬੇਅਦਲੀ ਪਾਤਿਸਾਹ, ਕਲਿ ਕਾਤੀ ਉਮਰਾਵ ਕਾਸਾਈ॥

ਦੋਹਰਾ॥ ਭਯੋ ਭਾਰ ਧਰ ਪਰ ਅਧਿਕ, ਧਰਮ ਧਰਤਿ ਨਹਿਂ ਧੀਰ॥

ਭਾਉ ਭਗਤਿ ਨਹਿਂ ਜਗਤ ਮੇਂ, ਬਿਕਲ ਭਈ ਭਯ ਭੀਰ॥੧੫॥

(ਨਾਨਕ ਪ੍ਰਕਾਸ਼ ਪੂਰਬਾਰਧ ਧਿਆਏ ੩)

ਪਰਮ ਪਾਪ ਤੇ ਭੂਮ ਡਰਾਨੀ॥ ਡਗਮਗਾਤ ਬਿਧ ਤੀਰ ਸਿਧਾਨੀ॥੧॥

ਚੌਪਈ॥ ਬ੍ਰਹਮਾਂ ਗਯੋ ਛੀਰ ਨਿਧ ਜਹਾਂ॥ ਕਾਲ ਪੁਰਖ ਇਸਥਿਤ ਥੇ ਤਹਾਂ॥

(ਦਸਮ ਗ੍ਰੰਥ)

ਰਾਗ ਮਲਾਰ ਮ: ੩॥ ਕਲ ਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥

ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ॥

(ਪੰਨਾ ੧੨੮੧)

ਭਾਵ: ਧਰਤੀ ਪਾਪਾਂ ਕਰਕੇ ਵਿਆਕੁਲ ਹੋਈ ਤਾਂ ਬ੍ਰਹਮਾ ਪਾਸ ਰੋਈ। ਬ੍ਰਹਮਾ ਜੀ ਨੇ ਕਿਹਾ ਧਰਤੀ ਨੂੰ ਚੱਲ ਆਪਾਂ ਦੋਵੇਂ ਭਗਵਾਨ ਪਾਸ ਚਲਦੇ ਹਾਂ ਖੀਰ ਸਮੁੰਦ, ਉਤੇ, ਭਗਵਾਨ ਪਾਸ ਬ੍ਰਹਮਾ ਨੇ ਬੇਨਤੀ ਕੀਤੀ ਹੇ ਪ੍ਰਭੂ ਜੀ ਧਰਤੀ ਪਾਪਾਂ ਕਰਕੇ ਦੁਖੀ ਹੋਈ ਹੈ ਇਸ ਦੀ ਪੁਕਾਰ ਸੁਣੋ, ਪ੍ਰਭੂ ਨੇ ਕੰਨ ਦੇ ਕੇ ਸੁਣਿਆ ਸੁੱਤੇ ਸਿਧ ਧੀਰਜ ਦਿੱਤਾ, ਹੇ ਧਰਤੀਏ ਤੂੰ ਫਿਕਰ ਨਾ ਕਰ ਮੈਂ ਆਪ ਹੀ ਅਵਤਾਰ ਧਾਰ ਕੇ ਆਵਾਂਗਾ, ਅਵਤਾਰ ਧਾਰਕੇ ਸਿਮਰਨ ਕਰਵਾ ਕੇ ਤੇਰੇ ਦੁੱਖਾਂ ਦੀ ਨਵਿਰਤੀ ਕਰਾਂਗਾ।

ਯਥਾ: ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰ ਨਾਨਕ ਜਗ ਮਾਹਿ ਪਠਾਇਆ॥

(ਭਾ. ਗੁ. ਸ. ਵਾਰ ੧ ਪਉੜੀ ੨੩)

ਗੁਰੂ ਨਾਨਕ ਦੇਵ ਜੀ ਹਰਿ ਸਮੇਂ ਸਿਮਰਨ ਕਰਦੇ ਸਨ। ਕਿਸੇ ਘਰਿ ਦੇ ਦੁਨੀਆਵੀ ਕੰਮਾਂ ਵਿਚ ਧਿਆਨ ਨਹੀਂ ਦਿੰਦੇ ਸਨ, ਪਿਤਾ ਕਾਲੂ ਮਹਿਤਾ ਜੀ ਨੇ ਸੋਚਿਆ ਕਿ ਇਹਨਾਂ ਨੂੰ ਕਿਸੇ ਕੰਮ ਵਿਚ ਪਾਈਏ ਅਤੇ ਕਿਹਾ ਜੇ ਤੇਰਾ ਮੱਝਾਂ ਚਾਰਨ ਨੂੰ ਦਿਲ ਨਹੀਂ ਕਰਦਾ ਤਾਂ ਖੇਤੀ ਬੀਜਣ ਦਾ ਕੰਮ ਕਰ ਲੈ, ਸਤਿਗੁਰੂ ਜੀ ਨੇ ਉੱਤਰ ਦਿਤਾ "ਅਸੀਂ ਤਾਂ ਅੱਗੇ ਹੀ ਖੇਤੀ ਕਰਦੇ ਹਾਂ", ਪਿਤਾ ਜੀ ਕਿਹਾ "ਕਿਹੜੀ ਖੇਤੀ"।

ਸੋਰਠਿ ਮ: ੧॥ ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥

ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥

(ਪੰਨਾ ੫੯੫)

ਭਾਵ: ਤਨ ਮਨ ਕਰਕੇ ਸਰੀਰ ਘਰ ਵਿਚ ਨਾਮੁ ਬੀਜਦੇ ਹਾਂ। ਇਕ ਦਿਨ ਮਹਿਤਾ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਵੀਹ ਰੁਪਏ ਦਿਤੇ ਅਤੇ ਕਿਹਾ ਕੋਈ ਸੱਚਾ ਸੌਦਾ ਕਰਕੇ ਆਉ। ਨਾਲ ਬਾਲਾ ਸੰਧੂ ਨੂੰ ਭੇਜਿਆ, ਗੁਰੂ ਜੀ ਬਾਲੇ ਨੂੰ ਨਾਲ ਲੈ ਕੇ ਲਾਹੌਰ ਵੱਲ ਲਾਭਵੰਦਾ ਸੌਦਾ ਕਰਨ ਤੁਰ ਪਏ। ਪਿੰਡ ਚੂਹੜਕਾਣੇ ਦੇ ਬਾਹਰ ਜੰਗਲ ਵਿਚ ਇਕ ਸੰਤ ਮੰਡਲੀ ਮਿਲੀ। ਆਪ ਜੀ ਨੇ ਇਹ ਵੇਖਕੇ ਕਿ ਸੰਤ ਜੰਗਲ ਵਿਚ ਬੈਠੇ ਹਨ ਅਤੇ ਇਹਨਾਂ ਪਾਸ ਭੋਜਨ ਦਾ ਕੋਈ ਪ੍ਰਬੰਧ ਨਹੀਂ ਹੈ। ਭਾਈ ਬਾਲੇ ਪਾਸੋਂ ਉਹਨਾਂ ਵੀਹਾਂ ਰੁਪਿਆਂ ਦੀ ਰਸਦ ਮੰਗਵਾਕੇ, ਉਹਨਾਂ ਸੰਤਾਂ ਨੂੰ ਭੋਜਨ ਛਕਾ ਦਿਤਾ ਅਤੇ ਬਾਲੇ ਨੂੰ ਕਿਹਾ ਇਸ ਨਾਲੋਂ ਹੋਰ ਕੋਈ ਖਰਾ ਸੌਦਾ ਨਹੀਂ ਹੈ, ਇਸ ਦਾ ਲਾਭ ਬਹੁਤ ਹੋਵੇਗਾ।

ਤਥਾ: ਅਵਰਿ ਕਰਮ ਸਭਿ ਲੋਕ-ਾਚਾਰ॥ ਮਿਲਿ ਸਾਧੂ ਸੰਗਿ ਹੋਇ ਉਧਾਰ॥੨॥

(ਪੰਨਾ ੮੦੪)

ਭਾਵ: ਹੋਰ ਸਾਰੇ ਕਰਮ ਲੋਕ ਦਿਖਾਵੇ ਦੀ ਭਗਤੀ ਹੈ। ਪੂਰਨ ਸਾਧੂ ਦੇ ਨਾਲ ਮਿਲਕੇ ਨਾਮ ਜਪਕੇ ਉਧਾਰ ਹੋਵੇਗਾ, ਜਮਾਂ ਦੀ ਫਾਂਸੀ ਤੋਂ ਬਚੇਗਾ। ਸਾਧੂ ਆਪ ਨਾਮ ਜਪਦੇ ਹਨ, ਦੂਸਰਿਆਂ ਨੂੰ ਜਪਾਉਂਦੇ ਹਨ।

ਮਲਾਰ ਮ: ੪॥ ਬ੍ਰਹਮੁ ਬਿੰਦੇ ਸੋ ਸਤਿ ਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥

ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ

ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥੪॥

(ਪੰਨਾ ੧੨੬੪)

ਅਰਥ:- ਜੋ ਬ੍ਰਹਮ ਨੂੰ ਬਿੰਦੇ ਜਾਣਦਾ ਹੈ, ਭਾਵ ਬ੍ਰਹਮ ਨੇਸ਼ਟੀ ਹੈ ਅਤੇ ਸਿੱਖ ਦੇ ਸੰਸਿਆਂ ਦੀ ਨਿਵਿਰਤੀ ਕਰਨ ਲਈ ਹਰਿ ਹਰਿ ਦੀ ਕਥਾ ਸੁਣਾਂਦਾ ਹੈ। ਓਹੀ ਅਸਲ ਸਤਿਗੁਰੂ ਕਹੀਦਾ ਹੈ। ਉਸ ਗੁਰੂ ਨੂੰ ਸਤ ਨਿਸਚੇ ਨਾਲ ਬਹੁ ਬਿਧਿ ਸੂਤੀ ਅਤੇ ਰੇਸ਼ਮੀ ਕਪੜੇ ਅਤੇ ਬਹੁਤ ਤਰ੍ਹਾਂ ਦੇ ਛੱਤੀ ਪਦਾਰਥ ਛਕਾਵੇ ਉਸ ਪੁੰਨ ਦੀ ਕਦੇ ਤੋਟ ਨਹੀਂ ਆਵੇਗੀ॥੪॥

ਅਰਥ:- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹੋ ਜਿਹੇ ਬ੍ਰਹਮ ਨੇਸ਼ਟੀ, ਆਤਮਦਰਸ਼ੀ ਨਾਮ ਦੇ ਰਸੀਏ ਸਾਧੂਆਂ ਨੂੰ ਭੋਜਨ ਛਕਾਇਆ ਸੀ।

ਤਥਾ:- ਸਾਰਗ ਮਹਲਾ ੫॥ ਹਰਿ ਜਨ ਰਾਮ ਰਾਮ ਰਾਮ ਧਿਆਂਏ॥

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ॥੧॥ (੧੨੦੮)

ਸਾਰਗ ਮਹਲਾ ੫॥ ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥

ਅਰਥ:- ਭੂਤ, ਭਵਿਸ਼ਤ, ਵਰਤਮਾਨ, ਤਿੰਨਾਂ ਸਮਿਆਂ ਵਿਚ ਹਰੀ ਸੱਤ ਹੈ ਅਤੇ ਹਰੀ ਦੇ ਸੰਤ ਭੀ ਤਿੰਨਾਂ ਕਾਲਾਂ ਵਿਚ ਸੱਤ ਹਨ।

ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥

ਦ੍ਰਿਸਟਿ ਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥੩॥

(ਪੰਨਾ ੧੨੦੪)

ਅਰਥ:- ਰਜੋ ਗੁਣ, ਤਮੋ ਗੁਣ, ਸਤੋ ਗੁਣ, ਇਹ ਤਿੰਨ ਗੁਣ ਮਾਇਆ ਦੇ ਹਨ। ਮਹਾਂ ਪਰਲੋ ਵੇਲੇ ਨਾਸ ਹੋ ਜਾਣਗੇ। ਜੋ ਕੁਛ ਵੀ ਦੇਖਣ ਵਿਚ ਆਉਂਦਾ ਹੈ ਸਭ ਨਾਸ ਹੋ ਜਾਵੇਗਾ। ਇਕ ਸਾਧੂ ਦਾ ਦਿਤਾ ਬਚਨ ਅਗਾਧਾ ਹੈ। ਹਰੀ, ਸਾਧੂ ਅਤੇ ਸਾਧੂ ਦਾ ਬਚਨ ਨਾਸ ਨਹੀਂ ਹੁੰਦਾ।

ਜਿਸ ਵੇਲੇ ਸੱਜਣ ਠੱਗ ਨੇ ਮਰਦਾਨੇ ਨੂੰ ਹੱਥ ਪੈਰ ਬੰਨ੍ਹ ਕੇ ਅੰਦਰ ਡੱਕ ਦਿਤਾ ਸੀ ਤਾਂ ਸਤਿਗੁਰਾਂ ਨੇ ਬਾਲੇ ਸੰਧੂ ਨੂੰ ਕਿਹਾ, ਹੇ ਬਾਲਾ ਆਪਣਾ ਮਰਦਾਨਾ ਤਾਂ ਕਿਸੇ ਠੱਗ ਪਾਸ ਫੱਸ ਗਿਆ ਹੈ ਚਲੋ ਛਡਾਈਏ। ਬਾਲੇ ਕਿਹਾ ਜੀ ਆਪ ਜੀ ਦੇ ਬਚਨ ਤਾਂ ਮੰਨਦਾ ਨਹੀਂ ਹੁਣ ਨਾ ਛੁਡਾਓ। ਸਤਿਗੁਰਾਂ ਕਿਹਾ ਬਾਲਾ ਨਾਲ ਲਿਆਂਦੇ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਸੱਜਣ ਠੱਗ ਨੂੰ ਦੇਖਿਆ ਜਾਕੇ ਚਿੱਟੇ ਬਸਤਰ ਪਾਕੇ ਚੰਗਾ ਸੁੰਦਰ ਮੰਜਾ ਡਾਹਕੇ ਠਾਠ-ਬਾਠ ਨਾਲ ਬੈਠਾ ਸੀ। ਸਤਿਗੁਰਾਂ ਕਿਹਾ ਕਿ ਸਾਡਾ ਮਰਦਾਨਾ ਆਇਆ ਹੈ ਤੇਰੇ ਪਾਸ। ਕਹਿੰਦਾ ਏਥੇ ਕੋਈ ਮਰਦਾਨਾ ਨਹੀਂ ਆਇਆ। ਸਤਿਗੁਰਾਂ ਕਿਹਾ ਮਰਦਾਨਾ ਬਾਹਰ ਆ। ਉਸੇ ਸਮੇਂ ਜਿੰਦੇ ਖੁੱਲ ਗਏ ਮਰਦਾਨਾ ਰੋਂਦਾ ਕੁਰਲਾਂਦਾ ਚਰਨਾਂ 'ਤੇ ਡਿੱਗ ਪਿਆ। ਸੱਜਣ ਅਸਚਰਜ ਹੋ ਗਿਆ ਕਿ ਕੈਸੇ ਉਤਮ ਪੁਰਖ ਆਏ ਹਨ।

ਸੂਹੀ ਮਹਲਾ ੧॥ ਸਜਣ ਸੇਈ ਨਾਲਿ ਮੈਂ ਚਲਦਿਆਂ ਨਾਲਿ ਚਲੰਨ੍ਹਿ॥

ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥

ਅਰਥ:- ਹੇ ਸਜਣ ਤੇਰੇ ਨਾਲ ਦੇ ਅਸਲੀ ਸਜਣ ਉਹੀ ਹਨ, ਜੋ ਜਮਾਂ ਦੇ ਮਾਰਗ ਵਿਚ ਤੇਰੀ ਮਦਦ ਕਰਨ। ਜਿਥੇ ਪ੍ਰਲੋਕ ਵਿਚ ਤੇਰੇ ਤੋਂ ਲੇਖਾ ਮੰਗਿਆ ਜਾਣਾ ਹੈ। ਉਥੇ ਤੇਰੇ ਬਰਾਬਰ ਖੜਕੇ ਨਰਕਾਂ ਤੋਂ ਬਚਾਂਦੇ ਹਨ।

ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥

ਢਠੀਆਂ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥੨॥

(ਪੰਨਾ ੭੨੯)

ਅਰਥ:- ਸਜਣਾ ਇਹ ਜੇਹੜੇ ਮੰਡਪ ਬਿਲਡਿੰਗਾਂ ਉਸਾਰੀਆਂ ਹਨ, ਇਹਨਾਂ ਵਿਚ ਜੇ ਭਜਨੀਕ ਸੰਤ ਨਹੀਂ ਹੈ। ਇਹ ਢੱਠੀਆਂ ਦੇ ਸਮਾਨ ਹਨ, ਭਾਵੇਂ ਤੈਂ ਬਾਹਰੋਂ ਚਿਤ੍ਰ-ਕਾਰੀਆਂ ਕੀਤੀਆਂ ਹਨ, ਪਰ ਨਾਮ ਤੋਂ ਬਿਨਾਂ ਦਯਾ ਧਰਮ ਤੋਂ ਬਿਨਾਂ ਵਿਚੋਂ ਸਖਣੀਆਂ ਹਨ। ਸਜਣ ਨੇ ਮਾਫੀ ਮੰਗੀ। ਸੱਚੇ ਸਤਿਗੁਰੂ ਜੀ ਦੇ ਚਰਨਾਂ 'ਤੇ ਮਸਤਕ ਰਖ ਦਿਤਾ। ਸਤਿਗੁਰਾਂ ਨੇ ਪਾਪ ਕਰਮਾਂ ਤੋਂ ਰੋਕ ਕੇ ਧਰਮ ਕਰਮ ਦ੍ਰਿੜ ਕਰਵਾਇਆ। ਸੱਜਣ ਪੂਰਨ ਸਾਧੂ ਬਣ ਗਿਆ, ਅਸੀਂ ਵੀ ਬਿਲਡਿੰਗਾਂ ਦਾ ਧਿਆਨ ਜ਼ਿਆਦਾ ਰਖਦੇ ਹਾਂ। ਨਾਮੁ ਦੀ ਅਤੇ ਸੱਚ ਬੋਲਣ ਦੀ ਤਾਂ ਦੂਰ ਦੀ ਗੱਲ ਹੋ ਕੇ ਰਹਿ ਗਈ। ਧਰਮ ਦੀ ਗੱਲ ਘੱਟ ਤੇ ਸਿਆਸਤ ਤੇ ਪੂਰਾ ਜ਼ੋਰ ਲੱਗਾ ਹੈ। ਇੰਡੀਆ ਵਿਚ ਅਤੇ ਬਾਹਰਲੇ ਦੇਸ਼ਾਂ ਵਿਚ ਵੀ ਅਸੀਂ ਸਾਰੀਆਂ ਮਲਾਮਤਾਂ ਸਾਰੇ ਪਾਪ ਕਰਮ ਲੈ ਕੇ ਆਏ ਹਾਂ। ਜਿਹੜੇ ਗੁਰਦੁਆਰਿਆਂ ਵਿਚ ਕਬਜ਼ਿਆਂ ਦੇ ਝਗੜੇ ਨਹੀਂ ਮੁਕਦੇ, ਉਥੇ ਸ਼ਾਂਤੀ ਨਹੀਂ ਅਸ਼ਾਂਤੀ ਹੀ ਮਿਲੇਗੀ। ਆਉ ਆਪਾਂ ਸਤਿਗੁਰੂ ਅਰਜਨ ਦੇਵ ਜੀ ਦਾ ਹੁਕਮ ਸੁਣਦੇ ਹਾਂ।

ਸੂਹੀ ਮਹਲਾ ੫॥ ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥

ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥ ਰਹਾਉ॥

(ਪੰਨਾ ੭੪੫)

ਅਰਥ:- ਉਹ ਛੱਪਰੀ ਸੋਹਣੀ ਹੈ ਜਿਸ ਵਿਚ ਹਰੀ ਦੇ ਗੁਣ ਗਾਏ ਜਾਂਦੇ ਹਨ। ਉਹ ਪੱਕੇ ਧੋਲਹਰ ਮੰਦਰ ਕਿਸੇ ਕੰਮ ਨਹੀਂ ਜਿਨ੍ਹਾਂ ਮੰਦਰਾਂ ਵਿਚ ਵਸਣ ਨਾਲ ਹਰੀ ਭੁੱਲ ਜਾਵੇ, ਜੇਕਰ ਇਕ ਪਾਸੇ ਨਾਮ ਦੀ ਮਹਿਮਾ ਵੀ ਚਲਦੀ ਹੈ, ਦੂਜੇ ਪਾਸੇ ਬਿਲਡਿੰਗ 'ਤੇ ਕਬਜ਼ੇ ਦੇ ਦਾਅ-ਪੇਚ ਚਲਦੇ ਹੋਣ, ਸ਼ਾਂਤੀ ਨਹੀਂ ਮਿਲੇਗੀ।

ਸੁਖਮਨੀ ਮ: ੫॥ ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥

ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥

(ਪੰਨਾ ੨੮੬)

ਅਰਥ:- ਜੋ ਆਪਣੇ ਮਨ ਨੂੰ ਸਤਿਗੁਰਾਂ ਪਾਸ ਵੇਚ ਦਿੰਦਾ ਹੈ, ਪ੍ਰਭੂ ਉਸ ਸੇਵਕ ਦੇ ਸਭ ਕਾਰਜ ਰਾਸਿ ਕਰ ਦਿੰਦਾ ਹੈ। ਜੋ ਸੇਵਾ ਨਿਸ਼ਕਾਮ ਕਾਮਨਾ ਤੋਂ ਬਿਨਾਂ ਕਰਦਾ ਹੈ, ਉਸਨੂੰ ਸੁਆਮੀ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਜੀ ਨੇ ਆਨੰਦਪੁਰ ਛੱਡਣ ਸਮੇਂ ਹੀਰੇ, ਮੋਤੀ, ਜਵਾਹਰਾਤ, ਨਕਦੀ ਸਤਲੁਜ ਦਰਿਆ ਵਿਚ ਪੰਡਾਂ ਬੰਨ੍ਹਕੇ ਆਪ ਪਾਸ ਖੜਕੇ ਸੁਟਵਾਏ ਸੀ, ਅਠਾਰਾਂ ਕਰੋੜ ਕੀਮਤ ਦਾ ਸੀ, ਮਾਤਾ ਜੀ ਕਹਿਣ ਲੱਗੇ ਏਥੇ ਕਿਉਂ ਰੋੜਦੇ ਹੋ ਕ੍ਰੋੜਾਂ ਰੁਪਇਆਂ ਦਾ ਮਾਲ, ਸਿੰਘਾਂ ਨੂੰ ਦੇ ਦਿਓ ਆਪਣੇ ਪਰਿਵਾਰਾਂ ਨੂੰ ਖਵਾਣਗੇ ਅਤੇ ਖੁਸ਼ ਹੋ ਕੇ ਵੈਰੀਆਂ ਨਾਲ ਜੰਗ-ਯੁੱਧ ਕਰਨਗੇ। ਗੁਰੂ ਜੀ ਕਿਹਾ ਮਾਤਾ ਜੀ ਤੁਸੀਂ ਮੈਨੂੰ ਦੋ ਰੋਟੀਆਂ ਵਿਚ ਮੁਹਰਾ ਪਾਕੇ ਦੇ ਦਿਓ। ਮਾਤਾ ਕਿਹਾ ਐਸਾ ਨਹੀਂ ਹੋ ਸਕਦਾ। ਕਿਸੇ ਮਾਂ ਪਾਸੋਂ, ਸਤਿਗੁਰਾਂ ਕਿਹਾ ਮੈਂ ਵੀ ਆਪਣੇ ਪੁਤ੍ਰਾਂ ਖਾਲਸੇ ਨੂੰ ਜ਼ਹਿਰ ਨਹੀਂ ਦੇ ਸਕਦਾ ਅਤੇ ਇਹਨਾਂ ਨੂੰ ਛਤਰੀ ਬਣਾਇਆ ਹੈ, ਹੁਣ ਪੂਜਾ ਦਾ ਧਨ ਖਵਾਕੇ ਦਲਿਦਰੀ ਕਿਵੇਂ ਬਣਾਵਾਂ? ਮਾਤਾ ਜੀ ਬਿਨਾਂ ਸੇਵਾ ਦੇ ਇਹ ਧਨ ਨਹੀਂ ਪਚੇਗਾ, ਸੇਵਾ ਕਰਦੇ ਸੀ ਲੰਗਰ ਪਾਣੀ ਦੀ, ਅਤੇ ਜੰਗ-ਯੁੱਧ ਲੜਦੇ ਸੀ ਤਾਂ ਪਚਾਂਦੇ ਸੀ! ਘਰੀਂ ਜਾਕੇ ਬਿਨਾ ਸੇਵਾ ਜ਼ਹਿਰ ਮੁਹਰਾ ਰੋਗੀ ਕਰਕੇ ਮਾਰੇਗਾ। ਜ਼ਰਾ ਸੋਚੋ ਜੀ! ਗੁਰੂ ਕੇ ਬਚਨ ਸੁਣੋ ਖਾਲਸਾ ਜੀ।

ਸਲੋਕ॥ ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ॥

ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ॥੧॥

(ਪੰਨਾ ੨੫੯)

ਅਰਥ:- ਜਿਨ੍ਹਾਂ ਨੇ ਪੂਰੇ ਗੁਰਾਂ ਦਾ ਮੰਤ੍ਰ ਮਨ ਵਿਚ ਧਾਰਿਆ ਹੈ। ਉਹ ਪੂਰੀ ਮੱਤ ਵਾਲਾ ਹੈ। ਉਹ ਪੂਰੀ ਮੱਤ ਵਾਲਾ ਸਾਰਿਆਂ 'ਚੋਂ ਪਰਧਾਨ ਹੈ। ਕੱਚੀਆਂ ਪਰਧਾਨਗੀਆਂ ਵਿਚ ਉਮਰਾਂ ਨਾ ਗਵਾਓ। ਪੱਕੀ ਪਰਧਾਨਗੀ ਲਈ ਉਦਮ ਕਰੋ। ਜਿਨ੍ਹਾਂ ਨੇ ਆਪਣਾ ਪ੍ਰਭੂ ਪਰਮਾਤਮਾ ਜਾਣਿਆ ਹੈ, ਉਹ ਭਗਵੰਤ ਦਾ ਸਰੂਪ ਹੋ ਜਾਂਦੇ ਹਨ॥੧॥ ਦੋਵਾਂ ਲੋਕਾਂ ਦੇ ਸੁੱਖ ਮਿਲਦੇ ਹਨ।

ਮ: ੩॥ ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ॥

ਜਮ ਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ॥

(ਪੰਨਾ ੫੮੬)

ਅਰਥ:- ਜਿਨ੍ਹਾਂ ਨੇ ਸਤਿਗੁਰਾਂ ਦਾ ਭਉ ਡਰ ਧਾਰਨਾ ਛੱਡ ਦਿਤਾ ਹੈ ਉਹਨਾਂ ਮਨ ਹਠੀਆਂ ਦਾ ਕੋਈ ਕੰਮ ਰਾਸ ਨਹੀਂ ਆਉਂਦਾ। ਉਹ ਜਮਪੁਰੀ ਵਿਚ ਬੱਧੇ ਹੋਏ ਜਾਂਦੇ ਹਨ, ਕਿਤੇ ਪੁਕਾਰ ਨਹੀਂ ਸੁਣੀਂਦੀ। ਗੁਰੂ ਪਿਆਰੀ ਸਾਧ ਸੰਗਤਿ ਜੀਓ ਆਪ ਵਡਭਾਗੇ ਹੋ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾ ਰਹੇ ਹੋ ਪਰ ਹੁਕਮ ਮੰਨਕੇ ਪ੍ਰਾਪਤੀ ਹੁੰਦੀ ਹੈ। ਉਤੇ ਲਿਖੇ ਗੁਰੂ ਕੇ ਉਪਦੇਸ਼ ਨੂੰ ਗ੍ਰਹਿਣ ਕਰੇ ਤੋਂ ਬਿਨਾਂ ਪੂਰਨ ਪ੍ਰਾਪਤੀ ਨਹੀਂ ਹੁੰਦੀ। ਹੁਕਮ ਮੰਨੋ, ਤੁਹਾਡੇ ਗੁਰਪੁਰਬ ਮਨਾਏ ਸਫਲ ਹੋਣਗੇ।

ਮਹਲਾ ੪॥ ਸੇਵਕ ਸਿੱਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮਬਾਨੀ॥

ਗਾਵਿਆ ਸੁਣਿਆ ਤਿਨਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥੧॥

(ਪੰਨਾ ੬੬੯)

ਦਾਸ ਹੋਈਆਂ ਭੁੱਲਾਂ ਦੀ ਮਾਫੀ ਚਾਹੁੰਦਾ ਹੈ ਜੀ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

# ਲੋਕਤੰਤਰ ਦੇ ਜੜ੍ਹੀਂ ਬੈਠੇ ਦਲਬਦਲੂ

-ਦਰਸ਼ਨ ਸਿੰਘ ਰਿਆੜ

ਵਫਾਦਾਰੀਆਂ ਅਤੇ ਪਹਿਰਾਵੇ ਬਦਲ ਕੇ ਰਾਜਨੀਤਕ ਦਲ ਬਦਲਣ ਨੂੰ ਦਲ ਬਦਲੀ ਕਹਿੰਦੇ ਹਨ। ਪਿੱਛੇ ਜਿਹੇ ਗੋਆ ਵਿਖੇ ਕਾਂਗਰਸ ਦੇ 10 ਵਿਧਾਇਕਾਂ ਨੇ ਭਾਜਪਾ ਦਾ ਪੱਲਾ ਫੜ ਲਿਆ। ਸਿਆਸੀ ਚਲਾਕੀ ਕਾਰਨ ਇਹ ਮਾਮਲਾ ਦਲਬਦਲੀ ਕਾਨੂੰਨ ਦੀ ਮਾਰ ਹੇਠ ਨਹੀਂ ਆਇਆ, ਕਿਉਂਕਿ ਜਦੋਂ ਗਰੁੱਪ ਜਾਂ ਇਕ ਤਿਹਾਈ ਮੈਂਬਰ ਕੋਈ ਪਾਰਟੀ ਬਦਲਦੇ ਹਨ ਤਾਂ ਦਲਬਦਲੀ ਕਾਨੂੰਨ ਲਾਗੂ ਨਹੀਂ ਹੁੰਦਾ। ਇਸੇ ਤਰ੍ਹਾਂ ਕਰਨਾਟਕ ਦੀ ਕਾਂਗਰਸ-ਜਨਤਾ ਦਲ ਯੂ ਗੱਠਜੋੜ ਸਰਕਾਰ ਦੀ ਬਲੀ ਵੀ 15 ਤੋਂ ਵੱਧ ਦਲਬਦਲੂ ਵਿਧਾਇਕਾਂ ਨੇ ਲੈ ਲਈ। ਸਪੀਕਰ ਨੇ ਉਨ੍ਹਾਂ ਸਭ ਨੂੰ ਅਯੋਗ ਕਰਾਰ ਦੇ ਕੇ ਨਾ ਘਰ ਦੇ ਰਹਿਣ ਦਿੱਤਾ ਅਤੇ ਨਾ ਘਾਟ ਦੇ ਛੱਡਿਆ ਹੈ, ਜਿਸ ਕਰਕੇ ਉਨ੍ਹਾਂ ਦਾ ਸਿਆਸੀ ਸਫਰ ਖਤਮ ਹੁੰਦਾ ਪ੍ਰਤੀਤ ਹੋ ਰਿਹਾ ਹੈ, ਪਰ ਇਹ ਸਾਰਾ ਵਰਤਾਰਾ ਲੋਕਤੰਤਰ ਲਈ ਘਾਤਕ ਸਿੱਧ ਹੋ ਰਿਹਾ ਹੈ। ਕਰਨਾਟਕ ਵਿਧਾਨ ਸਭਾ ਵਿੱਚ ਭਾਵੇਂ ਭਾਜਪਾ ਮੁੱਖ ਮੰਤਰੀ ਯੇਦੀਯੁਰੱਪਾ ਦੀ ਅਗਵਾਈ ਹੇਠ ਸਰਕਾਰ ਬਣ ਚੁੱਕੀ ਹੈ, ਪਰ ਉਹ ਸਥਿਰ ਹੋਵੇਗੀ, ਕਿਹਾ ਨਹੀਂ ਜਾ ਸਕਦਾ।

ਸਾਡੇ ਦੇਸ਼ ਵਿੱਚ ਇਹ ਪਹਿਲੀ ਵਾਰ ਨਹੀਂ ਹੋਇਆ ਜਦ ਦਲਬਦਲੂਆਂ ਨੇ ਰੰਗ ਦਿਖਾਇਆ ਹੋਵੇ। ਇਥੇ 'ਆਇਆ ਰਾਮ, ਗਿਆ ਰਾਮ' ਦੀ ਸਿਆਸਤ ਲੰਬੇ ਸਮੇਂ ਤੋਂ ਚੱਲ ਰਹੀ ਹੈ, ਪਰ ਅੱਜ ਕੱਲ੍ਹ ਦਲਬਦਲੂਆਂ ਦੀ ਚਾਂਦੀ ਹੈ। ਬਾਗੀ ਹੋਏ ਵਿਧਾਇਕਾਂ ਨੂੰ ਵਿਰੋਧੀ ਪਾਰਟੀ ਵੱਲੋਂ ਕਬਜ਼ੇ 'ਚ ਲੈ ਕਿ ਰਿਜ਼ਾਰਟਸ ਵਿੱਚ ਠਹਿਰਾਇਆ ਜਾਣਾ ਆਮ ਵਰਤਾਰਾ ਹੈ ਤਾਂ ਕਿ ਉਹ ਆਪਣਾ ਇਰਾਦਾ ਕਿਤੇ ਬਦਲ ਨਾ ਲੈਣ। ਪਾਰਲੀਮੈਂਟ ਨੇ ਦਲਬਦਲੀ ਕਾਨੂੰਨ ਬਣਾ ਕੇ ਇਸ ਨੂੰ ਰੋਕਣ ਵਾਸਤੇ ਯਤਨ ਕੀਤਾ ਸੀ, ਪਰ ਉਹ ਸਫਲ ਨਹੀਂ ਹੋਇਆ। ਇਕ ਜਾਂ ਦੋ ਵਿਧਾਨਕਾਰ ਪਾਰਟੀ ਛੱਡਣ ਤਾਂ ਉਨ੍ਹਾਂ ਦੀ ਮੈਂਬਰੀ ਆਪਣੇ ਆਪ ਖਤਮ ਹੋ ਜਾਂਦੀ ਹੈ, ਪਰ ਇਕ ਤਿਹਾਈ ਬੰਦੇ ਪਾਸਾ ਬਦਲਣ ਤਾਂ ਉਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਹੁੰਦੀ। ਇਸੇ ਖੁੱਲ੍ਹ ਨੇ ਸਿਆਸੀ ਅਸਥਿਰਤਾ ਨੂੰ ਹੁਲਾਰਾ ਦਿੱਤਾ ਹੈ। ਸੱਤਾ ਦੇ ਭੁੱਖੇ ਸਿਆਸਤਦਾਨਾਂ ਨੇ ਲੋਕਤੰਤਰ ਦਾ ਜਨਾਜ਼ਾ ਕੱਢ ਕੇ ਰੱਖ ਦਿੱਤਾ ਹੈ। ਜਿੰਨਾ ਚਿਰ ਇਕ ਦੂਜੀ ਪਾਰਟੀ ਤੋਂ ਵਫਾਦਾਰੀ ਬਦਲਣ 'ਤੇ ਸੱਤਾ ਹਾਸਲ ਕਰਨ ਉਤੇ ਕੁਝ ਸਾਲਾਂ ਦੀ ਪਾਬੰਦੀ ਨਹੀਂ ਲੱਗਦੀ, ਇਹ ਰੁਝਾਨ ਜਾਰੀ ਰਹੇਗਾ। ਉਂਜ ਵੀ ਸਾਡੇ ਦੇਸ਼ ਦੇ ਸਿਆਸਤਦਾਨਾਂ ਨੇ ਲੋਈ ਲਾਹ ਦਿੱਤੀ ਹੈ ਅਤੇ ਸੱਤਾ ਹਾਸਲ ਕਰਨ ਲਈ ਉਹ ਕੁਝ ਵੀ ਕਰ ਗੁਜ਼ਰਨ ਨੂੰ ਤਿਆਰ ਹੋ ਜਾਂਦੇ ਹਨ।

ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਂਦੇ ਭਾਰਤ ਦੇ ਲਈ ਇਹ ਗੰਭੀਰ ਚੁਣੌਤੀ ਹੈ। ਭਾਰਤ ਦੀ ਸਿਆਸਤ ਵਿੱਚ ਦਲਬਦਲੀ ਦਾ ਰੌਲਾ 1967 ਵਿੱਚ ਹਰਿਆਣਾ ਸੂਬੇ ਤੋਂ ਸ਼ੁਰੂ ਹੋਇਆ ਸੀ, ਜਦੋਂ ਐਮ ਐਲ ਏ ਗਿਆ ਲਾਲ ਨੇ ਇਕ ਦਿਨ ਵਿੱਚ ਤਿੰਨ ਵਾਰ ਪਾਰਟੀ ਬਦਲੀ ਸੀ। ਉਦੋਂ ਭੰਬਲਭੂਸੇ ਦੀ ਸਥਿਤੀ ਪੈਦਾ ਹੋ ਗਈ ਸੀ ਜਦੋਂ ਲੋਕਾਂ ਨੂੰ ਪਤਾ ਹੀ ਨਹੀਂ ਸੀ ਲੱਗਦਾ ਕਿ ਗਿਆ ਲਾਲ ਕਿਸ ਪਾਰਟੀ ਵਿੱਚ ਹਨ। ਫਿਰ ਉਸ ਵੇਲੇ ਦੇ ਹਰਿਆਣਾ ਕਾਂਗਰਸ ਪਾਰਟੀ ਦੇ ਮੈਂਬਰ ਰਾਓ ਬਰਿੰਦਰ ਸਿੰਘ ਚੰਡੀਗੜ੍ਹ ਵਿਖੇ ਪ੍ਰੈਸ ਕਾਨਫਰੰਸ ਕਰਕੇ ਸਪੱਸ਼ਟ ਕਰਨਾ ਪਿਆ ਸੀ ਕਿ ਗਿਆ ਲਾਲ ਆਇਆ ਰਾਮ ਬਣ ਗਿਆ ਹੈ। ਸੰਨ 1980 ਵਿੱਚ ਹਰਿਆਣਾ ਵਿੱਚ ਹੀ ਚੌਧਰੀ ਦੇਵੀ ਲਾਲ ਦੀ ਵਜ਼ਾਰਤ ਵਿੱਚੋਂ ਬਗਾਵਤ ਮੁੱਖ ਮੰਤਰੀ ਭਜਨ ਲਾਲ ਨੇ ਸਰਕਾਰ ਬਣਾਈ ਤੇ ਫਿਰ ਆਪਣੇ 40 ਸਾਥੀਆਂ ਨਾਲ ਕਾਂਗਰਸ 'ਚ ਸ਼ਮੂਲੀਅਤ ਕਰ ਲਈ ਸੀ। ਚਾਰ ਮਹੀਨੇ ਪਹਿਲਾਂ ਏਸੇ ਨੇਤਾ ਨੇ ਲੋਕਾਂ ਨੂੰ ਦਲਬਦਲੂਆਂ ਦਾ ਘਿਰਾਓ ਕਰਨ ਦੀ ਅਪੀਲ ਕੀਤੀ ਸੀ। ਇਸ ਦਲਬਦਲੀ ਦੀ ਆਦਤ ਨੂੰ ਕਾਬੂ ਕਰਨ ਲਈ ਸੰਵਿਧਾਨ ਦੀ 52ਵੀਂ ਸੋਧ ਕੀਤੀ ਗਈ। ਸੰਨ 1985 ਵਿੱਚ ਰਾਜੀਵ ਗਾਂਧੀ ਦੀ ਸਰਕਾਰ ਵੇਲੇ ਦਲ ਬਦਲਣ ਵਿਰੁੱਧ ਕਾਨੂੰਨ ਬਣਾਇਆ ਗਿਆ, ਪਰ ਲਾਲਚੀ ਨੇਤਾ ਫਿਰ ਵੀ ਕੋਈ ਨਾ ਕੋਈ ਰਾਹ ਕੱਢ ਹੀ ਲੈਂਦੇ ਹਨ। ਜਿੰਨਾ ਚਿਰ ਚੋਰਮੋਰੀਆਂ ਬੰਦ ਨਹੀਂ ਹੁੰਦੀਆਂ, ਮਸਲਾ ਹੱਲ ਨਹੀਂ ਹੋਣਾ। ਕਾਫੀ ਦੇਰ ਚੁੱਪ ਤੋਂ ਬਾਅਦ 2019 ਦੀਆਂ ਆਮ ਚੋਣਾਂ ਦੇ ਨੇੜੇ ਤੇੜੇ ਰਾਜਨੀਤਕ ਵਫਾਦਾਰੀਆਂ ਬਦਲਣ ਦਾ ਰੌਲਾ ਗੌਲਾ ਫਿਰ ਤੋਂ ਸੁਰਖੀਆਂ 'ਚ ਆ ਗਿਆ। ਭਾਜਪਾ ਦੀ ਪਿਛਲੀ ਸਰਕਾਰ ਵੇਲੇ ਵੀ ਕਾਂਗਰਸ ਦੀ ਰੀਟਾ ਬਹੁਗੁਣਾ ਜੋਸ਼ੀ ਤੇ ਹੋਰ ਕਈ ਸਿਆਸਤਦਾਨਾਂ ਨੇ ਪਾਰਟੀਆਂ ਬਦਲੀਆਂ ਸਨ।

ਪੰਜਾਬ ਵਿੱਚ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪਾਰਟੀ ਬਦਲਣ ਦਾ ਬਿਗਲ ਵਜਾ ਕੇ ਬੜੇ ਜ਼ੋਰ ਸ਼ੋਰ ਨਾਲ 'ਪੰਜਾਬ ਏਕਤਾ ਪਾਰਟੀ' ਬਣਾਈ, ਪਰ ਵੋਟਾਂ ਵੇਲੇ ਉਸ ਨਾਲ ਵੀ ਮਜ਼ਾਕ ਹੋਇਆ ਸੀ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵੱਲੋਂ ਦਿੱਤੇ ਅਸਤੀਫੇ ਪ੍ਰਵਾਨ ਨਾ ਕਰਕੇ ਪੰਜਾਬ ਦੇ ਸਪੀਕਰ ਨੇ ਵੀ ਆਪਣੇ ਅਧਿਕਾਰਾਂ ਤਹਿਤ ਟਾਲਮਟੋਲ ਦੀ ਅਵਸਥਾ ਬਣਾ ਹੋਈ ਹੈ। ਕੁੱਲ ਮਿਲਾ ਕੇ ਦਲਬਦਲੀ ਕਾਨੂੰਨ ਵਿੱਚ ਚੋਰਮੋਰੀਆਂ ਦਾ ਹੋਣਾ ਤੇ ਅਸਤੀਫਾ ਪ੍ਰਵਾਨ ਕਰਨ 'ਚ ਵੀ ਸਿਆਸਤ ਖੇਡਣਾ ਲੋਕਰਾਜ ਨਾਲ ਖਿਲਵਾੜ ਬਣਦਾ ਜਾ ਰਿਹਾ ਹੈ, ਜਿਸ ਦਾ ਸਾਰਥਕ ਹੱਲ ਲੱਭਣ ਦੀ ਲੋੜ ਹੈ।

ਜੇ ਨੇਤਾ ਖੁਦ ਨੂੰ ਵਲ-ਫਰੇਬ ਨਾਲ ਲਬਰੇਜ਼ ਸਮਝਦੇ ਹਨ ਤਾਂ ਵੋਟਰ ਵੀ ਘੱਟ ਨਹੀਂ ਰਹੇ। ਲੋਕ ਵੀ ਸਮਝਣ ਲੱਗ ਪਏ ਹਨ ਕਿ ਉਨ੍ਹਾਂ ਦੀ ਵੋਟ ਦੀ ਬਹੁਤ ਕੀਮਤ ਹੈ। ਐਵੇਂ ਨਹੀਂ ਸ਼ਰਾਬ ਦੇ ਮੁਫਤ ਦੇ ਰੋਲ ਘਚੋਲੇ ਵਿੱਚ ਉਲਝਾ ਕੇ ਉਨ੍ਹਾਂ ਨੂੰ ਪਿੱਛੇ ਲੱਗਣ ਲਈ ਮਜਬੂਰ ਕੀਤਾ ਜਾਂਦਾ। ਅਨਪੜ੍ਹਤਾ ਆਮ ਵੋਟਰਾਂ ਨੂੰ ਰਿਝਾਉਣ ਦਾ ਹਾਲੇ ਵੀ ਹਥਿਆਰ ਹੈ। ਜਿਸ ਦਿਨ ਦੇਸ਼ ਦਾ ਆਮ ਵੋਟਰ ਸੂਝਵਾਨ ਹੋ ਗਿਆ, ਮੁਫਤ ਦੀਆਂ ਚੀਜ਼ਾਂ ਤੇ ਸ਼ਰਾਬ ਦੇ ਲਾਲਚ 'ਤੇ ਥੁੱਕਣ ਲੱਗ ਪਵੇਗਾ। ਉਸ ਦਿਨ ਤੋਂ ਲੋਕਰਾਜ ਦੀ ਸਫਲਤਾ ਦਾ ਮੁੱਢ ਬੱਝੇਗਾ। ਲੋਕਰਾਜ ਪ੍ਰਣਾਲੀ ਵਿੱਚ ਜ਼ਰੂਰੀ ਬਣਦਾ ਹੈ ਕਿ ਇੰਨੇ ਵੱਡੇ ਲੋਕਤੰਤਰ ਦੀ ਚੋਣ ਪ੍ਰਕਿਰਿਆ ਬੜੀ ਸਾਫ, ਸਪੱਸ਼ਟ, ਸਰਲ, ਘੱਟ ਖਰਚੀਲੀ ਤੇ ਪਾਰਦਰਸ਼ੀ ਹੋਵੇ। ਸੰਨ 2019 ਦੀ ਲੋਕ ਸਭਾ ਚੋਣ ਅੱਤ ਦਰਜੇ ਦੀ ਖਰਚੀਲੀ, ਗੁੰਝਲਦਾਰ ਤੇ ਲੰਮੇਰੀ ਹੋ ਗਈ। ਈ ਵੀ ਐਮ ਦੀ ਵਰਤੋਂ 'ਤੇ ਵੀ ਉਂਗਲਾਂ ਉਠੀਆਂ ਹਨ। ਲੋਕਾਂ ਦੇ ਸ਼ੱਕ ਦੂਰ ਕਰਕੇ ਵਿਸ਼ਵਾਸ ਜਿੱਤਣਾ ਜ਼ਰੂਰੀ ਹੈ। ਕਨਸੋਆਂ ਹਨ ਕਿ ਇਸ ਵਾਰ ਲੋਕ ਸਭਾ ਵਿੱਚ ਇਕ ਤਿਹਾਈ ਮੈਂਬਰ ਅਪਰਾਧਕ ਪਿਛੋਕੜ ਵਾਲੇ ਹਨ। ਜੇ ਇਹ ਸਹੀ ਹੈ ਤਾਂ ਲੋਕਤੰਤਰ 'ਤੇ ਧੱਬਾ ਹੈ।

ਆਪਣੀ ਗਲਤੀ ਸੁਧਾਰਨ ਅਤੇ ਯੋਗ ਲੋੜੀਂਦੀ ਵਿਚਾਰਧਾਰਾ ਵਾਲੀ ਪਾਰਟੀ ਵਿੱਚ ਸ਼ਾਮਲ ਹੋਣਾ ਹਰ ਨਾਗਰਿਕ ਦਾ ਮੁੱਢਲਾ ਅਧਿਕਾਰ ਹੈ। ਇਸ 'ਤੇ ਕੋਈ ਕਿੰਤੂ ਪ੍ਰੰਤੂ ਨਹੀਂ ਚਾਹੀਦਾ ਪਰ ਇਹ ਤਬਦੀਲੀ ਨਿਰੋਲ ਵਿਚਾਰਧਾਰਾ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ, ਕੁਰਸੀ ਤੇ ਤਾਕਤ ਦੀ ਚਾਹਨਾ ਦੇ ਲਾਲਚ ਵਿੱਚ ਨਹੀਂ। ਪਾਰਟੀ ਬਦਲਣ ਵਾਲੇ ਨੇਤਾ 'ਤੇ ਘੱਟੋ-ਘੱਟ ਪੰਜ ਜਾਂ ਤਿੰਨ ਸਾਲ ਦੀ ਚੋਣ ਲੜਨ ਅਤੇ ਕੋਈ ਅਹੁਦਾ ਲੈਣ 'ਤੇ ਵੀ ਪਾਬੰਦੀ ਲੱਗਣੀ ਚਾਹੀਦੀ ਹੈ। ਜੇ ਇੰਜ ਨਾ ਕੀਤਾ ਤਾਂ ਫਿਰ 'ਆਇਆ ਰਾਮ, ਗਿਆ ਰਾਮ' ਵਾਲੀ ਹਾਸੋਹੀਣੀ ਸਥਿਤੀ ਬਣ ਜਾਵੇਗੀ ਜੋ ਲੋਕਰਾਜ ਦੀਆਂ ਜੜ੍ਹਾਂ ਵਿੱਚ ਤੇਲ ਦੇਵੇਗੀ ਤੇ ਦੇਸ਼ ਨੂੰ ਕਲੰਕਿਤ ਕਰੇਗੀ। ਸਾਲ 1967 ਤੋਂ 1971 ਦੌਰਾਨ ਪਾਰਲੀਮੈਂਟ ਮੈਂਬਰਾਂ ਨੇ 142 ਦਲ ਬਦਲੀਆਂ ਕੀਤੀਆਂ ਸਨ। ਇਸੇ ਤਰ੍ਹਾਂ 1969 ਦੌਰਾਨ ਸਟੇਟ ਅਸੈਂਬਲੀ ਪੱਧਰ 'ਤੇ 212 ਦਲ ਬਦਲੀਆਂ ਚਰਚਾ ਵਿੱਚ ਆਈਆਂ ਸਨ। ਲੋਕਾਂ ਦੇ ਵਿਸ਼ਵਾਸ ਨੂੰ ਛੋਟੇ ਜਿਹੇ ਲਾਲਚ ਬਦਲੇ ਤਾਰ-ਤਾਰ ਕਰ ਦੇਣਾ ਸਿਆਣਪ ਨਹੀਂ ਹੁੰਦੀ। ਚੋਲੇ ਜਾਂ ਪਹਿਰਾਵੇ ਬਦਲਣ ਨਾਲ ਵਿਅਕਤੀ ਵਿਸ਼ੇਸ਼ ਦੀ ਵਿਚਾਰਧਾਰਾ ਜਾਂ ਸੋਚ ਨਹੀਂ ਬਦਲਦੀ। ਇਹ ਸਿਰਫ ਲਾਲਚ ਦਾ ਗਿਰਗਟੀ ਅੰਦਾਜ਼ ਹੈ। ਕੁਝ ਚਿਰ ਭਾਵੇਂ ਇਹ ਲੋਕਾਂ ਨੂੰ ਰਾਸ ਆ ਜਾਵੇ, ਪਰ ਇਹ ਵਿਅਕਤੀ ਦੇ ਅਕਸ ਨੂੰ ਦਾਗਦਾਰ ਕਰਦਾ ਹੈ। ਕਰਨਾਟਕ ਵਿੱਚ ਵਿਧਾਨ ਸਭਾ ਚੋਣਾਂ ਪਿੱਛੋਂ ਰਾਜਪਾਲ ਨੇ ਸਭ ਤੋਂ ਵੱਡੀ ਪਾਰਟੀ ਭਾਜਪਾ ਦੇ ਨੇਤਾ ਯੇਦੀਯੁਰੱਪਾ ਨੂੰ ਮੁੱਖ ਮੰਤਰੀ ਦੀ ਸਹੁੰ ਚੁਕਾਈ ਸੀ ਅਤੇ ਭਰੋਸਗੀ ਮਤੇ ਵਿੱਚ ਉਹ ਸਫਲ ਨਹੀਂ ਹੋ ਸਕੇ ਸਨ, ਜਿਸ ਕਾਰਨ ਉਨ੍ਹਾਂ ਦੀ ਸਰਕਾਰ ਡਿੱਗ ਪਈ ਸੀ। ਉਸ ਤੋਂ ਪਿੱਛੋਂ ਗੱਠਜੋੜ ਸਰਕਾਰ ਹੋਂਦ ਵਿੱਚ ਆਈ ਸੀ, ਪਰ ਉਸ ਨੂੰ ਤੋੜ ਕੇ ਯੇਦੀਯੁਰੱਪਾ ਭਾਵੇਂ ਫਿਰ ਮੁੱਖ ਮੰਤਰੀ ਬਣ ਚੁੱਕੇ ਹਨ, ਪਰ ਕਦੋਂ ਤੱਕ, ਇਹ ਪੱਕਾ ਨਹੀਂ, ਕਿਉਂਕਿ ਜੋ ਹੱਥਕੰਡੇ ਭਾਜਪਾ ਨੇ ਅਪਣਾਏ ਹਨ, ਉਹੀ ਹੱਥਕੰਡੇ ਕਾਂਗਰਸ ਅਤੇ ਜਨਤਾ ਦਲ ਐਸ ਵੀ ਅਪਣਾ ਸਕਦੀਆਂ ਹਨ।

ਦਲਬਦਲੀ ਦੇ ਪਿਤਾਮਾ ਚੌਧਰੀ ਭਜਨ ਲਾਲ ਵੱਲੋਂ ਸ਼ੁਰੂ ਕੀਤੀ ਥੋਕ ਵਾਲੀ ਦਲਬਦਲੀ ਦੀ ਮੌਕਾਪ੍ਰਸਤੀ ਦੀ ਗਲਤੀ ਸੁਧਾਰਨ ਦਾ ਮੌਕਾ ਆ ਗਿਆ ਹੈ। ਜੇ ਨੇਤਾ ਅਜਿਹਾ ਨਹੀਂ ਕਰਦੇ ਤਾਂ ਵੋਟਰਾਂ ਦਾ ਭਰੋਸਾ ਉਠ ਜਾਵੇਗਾ। ਕਰਨਾਟਕ ਦੇ ਗੱਦੀਓਂ ਲੱਥੇ ਮੁੱਖ ਮੰਤਰੀ ਡੀ ਕੁਮਾਰਸਵਾਮੀ ਦਾ ਕਹਿਣਾ ਕਾਫੀ ਹੱਦ ਤੱਕ ਵਜ਼ਨਦਾਰ ਹੈ ਕਿ ਜੇ ਦਲਬਦਲੀ ਦੇ ਰੁਝਾਨ ਨੂੰ ਅਸਰਦਾਰ ਤਰੀਕੇ ਨਾਲ ਨਾ ਰੋਕਿਆ ਗਿਆ ਤਾਂ ਸਰਕਾਰਾਂ ਦੀ ਸਥਿਰਤਾ ਨੂੰ ਖਤਰਾ ਬਣ ਜਾਵੇਗਾ। ਜੇ ਅਸੀਂ ਚਾਹੁੰਦੇ ਹਾਂ ਕਿ ਵਿਧਾਨਕਾਰ ਵਿਕਾਊ ਮਾਲ ਨਾ ਬਣਨ ਅਤੇ ਲੋਕਤੰਤਰ ਦਾ ਜਨਾਜ਼ਾ ਨਾ ਨਿਕਲੇ ਤਾਂ ਵਿਰੋਧੀ ਖੇਮੇ ਦੇ ਮੈਂਬਰਾਂ ਨੂੰ ਲਾਲਚ ਦੇ ਕੇ ਅਸਤੀਫੇ ਦਿਵਾ ਕੇ ਮੁੜ ਤੋਂ ਚੋਣਾਂ ਦਾ ਬੋਝ ਠੋਸਣ ਵਾਲੇ ਵਰਤਾਰੇ ਤੋਂ ਬਚਣ ਦੀ ਲੋੜ ਹੈ।

# ਵਕਤੋਂ ਖੁੰਝੀ ਡੂੰਮਣੀ, ਗਾਹਵੇ ਆਕਾਸ਼ ਪਤਾਲ

-ਮੁਖਤਿਆਰ ਸਿੰਘ ਪੱਖੋ ਕਲਾਂ

ਕਲਾ, ਸਾਹਿਤ ਤੇ ਸਮਾਜਿਕ ਸਰੋਕਾਰਾਂ ਦੀ ਗੁੜ੍ਹਤੀ ਮੈਨੂੰ ਵਿਰਾਸਤ ਵਿੱਚ ਹੀ ਮਿਲੀ। ਮੇਰੇ ਦਾਦਾ ਜੀ, ਨਰੈਣ ਸਿੰਘ ਆਪਣੇ ਵੇਲੇ ਦੇ ਉੱਘੇ ਕਵੀਸ਼ਰ ਸਨ। ਇੱਕ ਵਾਰ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਰਾਮ ਕਿਸ਼ਨ ਸਾਡੇ ਪਿੰਡ ਆਏ। ਉਸ ਵੇਲੇ ਬਤੌਰ ਸਰਪੰਚ ਮੇਰੇ ਦਾਦਾ ਜੀ ਨੇ ਮੰਗ ਪੱਤਰ ਕਵਿਤਾ ਦੇ ਰੂਪ ਵਿੱਚ ਪੜ੍ਹਿਆ, ਜਿਸ ਦਾ ਸਥਾਈ ਅੰਤਰਾ 'ਬਿਜਲੀ ਬਗੈਰ ਤੰਗ ਹਾਂ ਜਰੂਰ ਜੀ' ਸੀ। ਮੰਗ ਪੱਤਰ ਸੁਣ ਕੇ ਮੁੱਖ ਮੰਤਰੀ ਇੰਨੇ ਖੁਸ਼ ਹੋਏ ਕਿ ਮੌਕੇ ਉੱਤੇ ਸਾਰੀਆਂ ਮੰਗਾਂ ਮੰਨਣ ਦਾ ਐਲਾਨ ਕਰ ਦਿੱਤਾ ਅਤੇ ਆਪਣਾ ਵਾਅਦਾ ਨਿਭਾਇਆ ਵੀ। 1980 ਵਿੱਚ ਮੇਰੇ ਦਾਦਾ ਜੀ ਅਕਾਲ ਚਲਾਣਾ ਕਰ ਗਏ, ਪਰ ਮੈਨੂੰ ਯਾਦ ਹੈ ਕਿ ਉਹ ਬੁਢਾਪੇ ਵਿੱਚ ਵੀ ਕਵੀਸ਼ਰੀ ਦੇ ਨਾਲ ਕਦੇ ਕਦੇ ਤੂੰਬੀ ਉੱਤੇ ਗਾ ਲੈਂਦੇ ਸਨ।

ਉਸ ਤੋਂ ਬਾਅਦ ਮੇਰੇ ਪਿਤਾ ਜੀ ਨੇ ਡਾਕਟਰੀ ਦੀ ਡਿਗਰੀ ਕਰਨ ਦੇ ਬਾਵਜੂਦ ਡਾਕਟਰੀ ਪੇਸ਼ਾ ਨਹੀਂ ਅਪਣਾਇਆ। ਉਨ੍ਹਾਂ ਨੇ ਖੇਤੀਬਾੜੀ ਤੇ ਦੁਕਾਨਦਾਰੀ ਨੂੰ ਪਹਿਲ ਦਿੱਤੀ ਤੇ ਨਾਲ ਦਾਦਾ ਜੀ ਵਾਲੀ ਸਾਹਿਤਕ ਤੇ ਕਲਾ ਵਿਰਾਸਤ ਨੂੰ ਜਿਉਂਦਾ ਰੱਖਣ ਲਈ ਵਕਤ ਜ਼ਰੂਰ ਕੱਢਦੇ। ਸਾਨੂੰ ਪੰਜਾਂ ਭੈਣ ਭਰਾਵਾਂ ਨੂੰ ਸਕੂਲੀ ਪੜ੍ਹਾਈ ਦੇ ਨਾਲ ਕਲਾ, ਸਾਹਿਤ ਅਤੇ ਸਮਾਜਿਕ ਕੰਮਾਂ ਲਈ ਪ੍ਰੇਰਦੇ ਰਹਿੰਦੇ। ਰੋਜ਼ ਰਾਤ ਨੂੰ ਦੋ ਘੰਟੇ ਸਾਡੀ ਸਾਰਿਆਂ ਦੀ ਪੜ੍ਹਾਈ ਦੇ ਨਾਲ ਗੀਤ, ਕਵਿਤਾਵਾਂ ਅਤੇ ਸਾਹਿਤਕ ਕਿਤਾਬਾਂ ਪੜ੍ਹਾਉਣ ਉੱਤੇ ਵੀ ਲਾਉਂਦੇ। ਘਰ ਵਿੱਚ ਹੀ ਛੋਟੀ ਲਾਇਬਰੇਰੀ ਸੀ। ਹਾਰਮੋਨੀਅਮ ਤੇ ਤੂੰਬੀ ਉਹ ਵਧੀਆ ਵਜਾ ਲੈਂਦੇ ਸਨ ਅਤੇ ਸਾਨੂੰ ਵੀ ਸਿੱਖਣ ਲਈ ਕਹਿੰਦੇ।

1982 ਦੇ ਨੇੜੇ ਦੀ ਗੱਲ ਹੈ। ਮੈਂ ਸੱਤਵੀਂ ਜਮਾਤ ਵਿੱਚ ਪੜ੍ਹਦਾ ਸੀ। ਸਾਡੇ ਗੁਆਂਢ ਕਿਰਾਏ ਉੱਤੇ ਇੱਕ ਪਟਵਾਰੀ ਰਹਿਣ ਲੱਗਿਆ। ਉਸ ਦਾ ਵੱਡਾ ਪੁੱਤਰ ਜਗਮੋਹਨ ਸਿੰਘ ਬਹੁਤ ਵਧੀਆ ਤੂੰਬੀ ਵਜਾ ਕੇ ਗਾ ਲੈਂਦਾ ਸੀ। ਪਿਤਾ ਜੀ ਉਸ ਨੂੰ ਸ਼ਾਮ ਵੇਲੇ ਸੱਦ ਕੇ ਗੀਤ ਸੁਣਦੇ ਰਹਿੰਦੇ। ਇੱਕ ਦਿਨ ਉਸ ਨੂੰ ਹੁਕਮ ਚਾੜ੍ਹ ਦਿੱਤਾ, 'ਜਗਮੋਹਨ ਸਿਆਂ! ਇੱਕ ਅਜਿਹੀ ਤੂੰਬੀ ਸਾਨੂੰ ਵੀ ਬਣਾ ਕੇ ਦੇ! ਮੈਂ ਵੀ ਆਪਣੇ ਬੱਚਿਆਂ ਨੂੰ ਸਿਖਵਾਂਗਾ।' ਉਸ ਨੇ ਹਫਤੇ ਕੁ ਬਾਅਦ ਸੁੱਕੇ ਕੱਦੂ ਦੀ ਤੂੰਬੀ ਬਣਵਾ ਦਿੱਤੀ। ਸ਼ਾਮ ਵੇਲੇ ਸਾਡਾ ਪੜ੍ਹਾਈ ਦਾ ਸਮਾਂ ਹੁੰਦਾ ਤਾਂ ਗੀਤ ਸੰਗੀਤ ਦੀ ਮਹਿਫ਼ਿਲ ਤੂੰਬੀ ਨਾਲ ਸਜਣ ਲੱਗੀ। ਉਹ ਤੂੰਬੀ ਵਜਾਉਂਦੇ ਤੇ ਸਾਨੂੰ ਗਾਉਣ ਨੂੰ ਕਹਿੰਦੇ। ਨਾਲ ਮੇਰੀਆਂ ਛੋਟੀਆਂ ਭੈਣਾਂ ਨੂੰ ਵੀ ਗਾਉਣ ਲਾ ਲੈਂਦੇ। ਕਦੇ ਕਦੇ ਵਿੱਚ ਹੀ ਜਗਮੋਹਨ ਗਾਉਣ ਲੱਗ ਜਾਂਦਾ। ਜਗਮੋਹਨ ਸਾਡੇ ਤੋਂ ਅੱਠ ਦਸ ਸਾਲ ਵੱਡਾ ਤਿੱਖੇ ਨੈਣ ਨਕਸ਼ਾਂ ਵਾਲਾ ਗੋਰਾ ਨਿਛੋਹ ਮੁੰਡਾ ਸੀ। ਪੱਗ ਵੀ ਚਿਣ ਕੇ ਬੰਨ੍ਹਦਾ ਅਤੇ ਬੜਾ ਸੋਹਣਾ ਲੱਗਦਾ। ਬਚਪਨ ਹੋਣ ਕਰਕੇ ਸਾਡੇ ਸ਼ੌਕ ਉੱਤੇ ਨੀਂਦ ਭਾਰੀ ਪੈ ਜਾਂਦੀ। ਉਂਜ ਬਾਲਪਣ ਕਾਰਨ ਇਨ੍ਹਾਂ ਗੱਲਾਂ ਦੀ ਜ਼ਿਆਦਾ ਸੋਝੀ ਨਹੀਂ ਸੀ। ਜਗਮੋਹਨ ਉੱਤੇ ਬੜਾ ਗੁੱਸਾ ਚੜ੍ਹਦਾ ਕਿ ਇਸ ਨੇ ਸਾਡੀ ਜਾਨ ਨੂੰ ਤੂੰਬੀ ਵਾਲਾ ਸਿਆਪਾ ਕਿੱਥੋਂ ਖੜ੍ਹਾ ਕਰ ਦਿੱਤਾ। ਨਿੱਤ ਦਾ ਇਹ ਕੰਮ ਸਾਨੂੰ ਅਕਾਊ ਲੱਗਣ ਲੱਗਾ। ਜਦ ਮਹਿਫ਼ਿਲ ਨਾ ਸਜਦੀ ਤਾਂ ਚਾਅ ਚੜ੍ਹ ਜਾਂਦਾ ਕਿ ਚਲੋ ਅੱਜ ਦਾ ਦਿਨ ਖਹਿੜਾ ਛੁੱਟਿਆ। ਪਿਤਾ ਜੀ ਸਖ਼ਤ ਸੁਭਾਅ ਸਨ ਤੇ ਅਸੀਂ ਡਰਦੇ ਬੜੇ ਸੀ। ਅੱਗੋਂ ਬੋਲਣ ਜਾਂ ਸਵਾਲ ਜਵਾਬ ਕਰਨ ਦੀ ਗੁੰਜ਼ਾਇਸ਼ ਨਹੀਂ ਸੀ, ਪਰ ਮਾਤਾ ਨੂੰ ਕਹਿੰਦੇ ਕਿ ਇਹ ਸਾਨੂੰ ਨਵਾਂ ਬੰਝ ਕਿੱਥੋਂ ਗੱਡ ਦਿੱਤਾ। ਕਰੀਬ ਦੋ ਸਾਲ ਇਹ ਸਿਲਸਿਲਾ ਚਲਦਾ ਰਿਹਾ। ਮੈਂ ਵੀ ਤੂੰਬੀ ਵਧੀਆ ਵਜਾਉਣੀ ਸਿੱਖ ਗਿਆ। ਫਿਰ ਵੀ ਪਤਾ ਨਹੀਂ ਕਿਉਂ ਇਹ ਕੰਮ ਅਕਾਊ ਲੱਗਦਾ।

ਇੱਕ ਵਾਰ ਅਸੀਂ ਸਾਰੇ ਭੈਣ ਭਰਾ ਇਕੱਠੇ ਸਕੂਲੋਂ ਪੜ੍ਹ ਕੇ ਆਏ। ਆਉਂਦਿਆਂ ਨੂੰ ਸਾਡੇ ਮਾਤਾ ਜੀ ਨੇ ਦੱਸਿਆ ਕਿ 'ਅੱਜ ਤੁਹਾਡੀ ਤੂੰਬੀ ਬਿੱਲੀ ਨੇ ਕਣਸ ਤੋਂ ਹੇਠਾਂ ਸੁੱਟ ਕੇ ਭੰਨ੍ਹ ਦਿੱਤੀ।' ਅਸੀਂ ਜਦ ਕੱਦੂ ਦੇ ਟੁਕੜੇ ਹੋਏ ਦੇਖੇ ਤਾਂ ਖੁਸ਼ੀ ਵਿੱਚ ਬਸਤੇ ਚਲਾ ਕੇ ਮਾਰੇ ਅਤੇ ਤਾੜੀਆਂ ਵਜਾਉਣ ਲੱਗ ਪਏ। ਇਸ ਗੱਲ ਦਾ ਪਿਤਾ ਜੀ ਨੂੰ ਪਤਾ ਲੱਗਾ ਤਾਂ ਉਹ ਕਹਿਣ ਲੱਗੇ, 'ਪੁੱਤ ਜੀ! ਇਉਂ ਨ੍ਹੀਂ ਖਹਿੜਾ ਛੁੱਟਣਾ!! ਹੋਰ ਨਵੀਂ ਤੂੰਬੀ ਬਣਵਾ ਕੇ ਲਿਆਵਾਂਗੇ।' ਸੁਣ ਕੇ ਫਿਰ ਮਨ ਮਾਯੂਸ ਹੋ ਗਿਆ, ਪਰ ਓਦੋਂ ਤੱਕ ਪਟਵਾਰੀ ਦੀ ਬਦਲੀ ਹੋ ਚੁੱਕੀ ਸੀ। ਪਟਵਾਰੀ ਦਾ ਪੁੱਤਰ ਜਗਮੋਹਨ ਕਿਧਰੇ ਹੋਰ ਸੁਰਾਂ ਛੇੜਦਾ ਹੋਵੇਗਾ। ਖ਼ੈਰ, ਮੁੜ ਕੇ ਸਾਨੂੰ ਤੂੰਬੀ ਨਾ ਜੁੜੀ। ਸਮਾਂ ਆਪਣੀ ਤੋਰ ਤੁਰਦਾ ਗਿਆ ਤੇ ਅੱਜ ਤੋਂ 12 ਕੁ ਸਾਲ ਪਹਿਲਾਂ ਪਿਤਾ ਜੀ ਸੰਸਾਰ ਤੋਂ ਕੂਚ ਕਰ ਗਏ। ਕੁਝ ਸਮਾਂ ਪਹਿਲਾਂ ਪਤਾ ਲੱਗਾ ਕਿ ਤੂੰਬੀ ਮੜ੍ਹਨ ਵਾਲਾ ਜਗਮੋਹਨ ਵੀ ਸੜਕ ਹਾਦਸੇ ਵਿੱਚ ਸੰਸਾਰ ਤੋਂ ਸਦਾ ਲਈ ਚਲਾ ਗਿਆ। ਅੱਜ ਇਹ ਸਭ ਯਾਦ ਕਰਕੇ ਮਨ ਉਦਾਸ ਹੋ ਜਾਂਦਾ ਹੈ। ਦਰਅਸਲ ਬਚਪਨ ਵਿੱਚ ਬਹੁਤੀ ਸੋਝੀ ਨਹੀਂ ਸੀ ਤੇ ਉਦੋਂ ਰੱਬ ਨੇ ਗਿਆਨ ਦੇ ਖ਼ਜ਼ਾਨੇ ਬਖਸ਼ਿਸ਼ ਕੀਤੇ, ਪਰ ਅੱਜ ਕੱਲ੍ਹ ਜਦੋਂ ਕੁਝ ਸਿੱਖਣ ਦੀ ਮਨ ਵਿੱਚ ਚਾਹਨਾ ਹੈ ਤਾਂ ਸਿਖਾਉਣ ਵਾਲੇ ਤੁਰ ਗਏ। ਉਹ ਦਿਨ ਯਾਦ ਕਰਕੇ ਇੱਕ ਪਾਸੇ ਮਨ ਨੂੰ ਅਜਬ ਜਿਹਾ ਸਕੂਨ ਮਿਲਦਾ ਹੈ। ਦੂਜੇ ਪਾਸੇ ਪਛਤਾਵਾ ਵੀ ਹੁੰਦਾ ਹੈ ਕਿ ਉਹ ਸਿੱਖਣ ਦੀ ਉਮਰ ਸੀ ਤਾਂ ਸਿੱਖਣ ਦਾ ਮੌਕਾ ਕਿਉਂ ਖੁੰਝਾਇਆ।

## ਹਲਕਾ ਫੁਲਕਾ

ਸੋਨੂੰ, "ਦੱਸ ਰਿੱਛ ਤੇ ਸ਼ੇਰ ਦੇ ਵਾਲ ਲੰਮੇ ਕਿਉਂ ਹੁੰਦੇ ਹਨ?"
ਮੋਨੂੰ, "ਸਿੰਪਲ ਹੈ ਯਾਰ, ਕਿਉਂਕਿ ਜੰਗਲ ਵਿੱਚ ਵਾਲ ਕੱਟਣ ਵਾਲਾ ਹੇਅਰ ਡਰੈਸਰ ਨਹੀਂ ਹੁੰਦਾ।"

*********

ਇੱਕ ਦਿਨ ਇੱਕ ਮੱਖੀ ਗੰਜੇ ਆਦਮੀ ਦੇ ਸਿਰ 'ਤੇ ਜਾ ਬੈਠੀ।
ਦੂਜੀ ਮੱਖੀ, "ਵਾਹ, ਕਿੰਨਾ ਵਧੀਆ ਘਰ ਮਿਲਿਆ ਹੈ ਤੈਨੂੰ।"
ਪਹਿਲੀ ਮੱਖੀ, "ਨਹੀਂ ਪਾਗਲ, ਅਜੇ ਤਾਂ ਸਿਰਫ ਪਲਾਟ ਹੀ ਖਰੀਦਿਆ ਹੈ।"

*********

ਇੱਕ ਔਰਤ ਭੀਖ ਮੰਗ ਰਹੀ ਸੀ, "ਭਾਈ ਇੱਕ ਰੁਪਿਆ ਦੇ ਦਿਓ, ਤਿੰਨ ਦਿਨਾਂ ਤੋਂ ਭੁੱਖੀ ਹਾਂ।"
ਆਦਮੀ, "ਤਿੰਨ ਦਿਨ ਤੋਂ ਭੁੱਖੀ ਹੈ ਤਾਂ ਇੱਕ ਰੁਪਏ ਦਾ ਕੀ ਕਰੇਂਗੀ?"
ਭਿਖਾਰੀ ਔਰਤ, "ਆਪਣਾ ਭਾਰ ਤੁਲਵਾਵਾਂਗੀ ਕਿ ਕਿੰਨਾ ਘੱਟ ਹੋ ਗਿਆ।"

# ਨੋਰਾ ਨੇ ਸਟ੍ਰਗਲ ਦੇ ਦਿਨਾਂ ਨੂੰ ਕੀਤਾ ਯਾਦ



ਨੋਰਾ ਫਤੇਹੀ ਨੇ ਬਾਲੀਵੁੱਡ ਵਿੱਚ ਕਈ ਹਿੱਟ ਆਈਟਮ ਗੀਤ ਦਿੱਤੇ ਹਨ। ਪਿੱਛੇ ਜਿਹੇ ਉਸ ਦਾ ਗਾਣਾ 'ਓ ਸਾਕੀ ਸਾਕੀ' ਵੀ ਦਰਸ਼ਕਾਂ ਨੂੰ ਕਾਫੀ ਪਸੰਦ ਆਇਆ। ਜਾਨ ਅਬਰਾਹਮ ਦੀ ਫਿਲਮ 'ਬਾਟਲਾ ਹਾਊਸ' ਵਿੱਚ ਇਸ ਗਾਣੇ ਨੂੰ ਫਿਲਮਾਇਆ ਗਿਆ ਹੈ। ਇਸ ਤੋਂ ਪਹਿਲਾਂ ਫਿਲਮ 'ਸਤਯਮੇਵ ਜਯਤੇ' ਵਿੱਚ ਵੀ ਨੋਰਾ ਦਾ ਗਾਣਾ 'ਦਿਲਬਰ ਦਿਲਬਰ' ਸੁਪਰ ਹਿੱਟ ਹੋਇਆ ਸੀ। ਕੁਝ ਦਿਨ ਪਹਿਲਾਂ ਨੋਰਾ ਨੇ ਆਪਣੇ ਸਟ੍ਰਗਲ ਦੇ ਦਿਨਾਂ ਨੂੰ ਯਾਦ ਕਰਦੇ ਹੋ ਕਿਹਾ, "ਮੈਂ ਅੱਠ ਲੜਕੀਆਂ ਦੇ ਨਾਲ ਇੱਕ ਅਪਾਰਟਮੈਂਟ ਸ਼ੇਅਰ ਕਰਦੀ ਸੀ। ਮੈਨੂੰ ਉਹ ਅਪਾਰਟਮੈਂਟ ਛੱਡਣਾ ਪਿਆ। ਤਦ ਉਨ੍ਹਾਂ ਨੇ ਮੇਰਾ ਪਾਸਪੋਰਟ ਚੋਰੀ ਕਰ ਲਿਆ। ਇਸ ਦੇ ਬਾਅਦ ਮੈਂ ਕੁਝ ਸਮੇਂ ਲਈ ਵਾਪਸ ਕੈਨੇਡਾ ਆ ਗਈ। ਮੈਂ ਹਿੰਦੀ ਬੋਲਣਾ ਸਿੱਖ ਰਹੀ ਸੀ ਤੇ ਜਦ ਆਡੀਸ਼ਨ ਦੇਣ ਜਾਂਦੀ ਤਾਂ ਸਭ ਮੇਰਾ ਮਜ਼ਾਕ ਉਡਾਉਂਦੇ ਸਨ। ਉਹ ਮੇਰੇ ਮੂੰਹ ਉੱਤੇ ਹੱਸਦੇ ਸਨ। ਘਰ ਜਾਂਦੇ ਸਮੇਂ ਸਾਰੇ ਰਸਤੇ ਰੋਂਦੀ ਜਾਂਦੀ ਸੀ। ਇੱਕ ਕਾਸਟਿੰਗ ਏਜੰਟ ਨੇ ਮੈਨੂੰ ਕਿਹਾ, ਸਾਨੂੰ ਤੇਰੀ ਜ਼ਰੂਰਤ ਨਹੀਂ ਹੈ। ਜਾਓ ਇਥੋਂ। ਮੈਂ ਇਹ ਸਭ ਕਦੇ ਨਹੀਂ ਭੁੱਲ ਸਕਦੀ।"

ਦੱਸਣਾ ਬਣਦਾ ਹੈ ਕਿ ਨੇਰਾ ਇੱਕ ਰੂੜੀਵਾਦੀ ਅਰਬ ਪਰਵਾਰ ਤੋਂ ਹੈ। ਮੀਡੀਆ ਨਾਲ ਗੱਲਬਾਤ ਦੌਰਾਨ ਨੋਰਾ ਨੇ ਕਿਹਾ ਸੀ, "ਮੈਂ ਇੱਕ ਰੂੜੀਵਾਦੀ ਪਰਵਾਰ ਤੋਂ ਆਈ ਹਾਂ। ਮੈਂ ਆਪਣੇ ਕਮਰੇ ਵਿੱਚ ਡਾਂਸ ਕਦੀ ਸੀ ਤੇ ਉਸ ਦੇ ਵੀਡੀਓ ਲੋਕਾਂ ਨੂੰ ਦਿਖਾਉਂਦੀ ਸੀ। ਲੋਕ ਮੇਰੇ ਡਾਂਸ ਨੂੰ ਪਸੰਦ ਕਰਦੇ ਸਨ।" ਨੋਰਾ ਦੀ ਅਗਲੀ ਫਿਲਮ 'ਸਟਰੀਟ ਡਾਂਸਰ 3ਡੀ' ਹੈ। ਇਸ ਵਿੱਚ ਨੋਰਾ, ਵਰੁਣ ਧਵਨ ਅਤੇ ਸ਼ਰਧਾ ਕਪੂਰ ਦੇ ਨਾਲ ਨਜ਼ਰ ਆਏਗੀ। ਇਸ ਫਿਲਮ ਨੂੰ ਲੈ ਕੇ ਨੋਰਾ ਨੇ ਕਿਹਾ, ਸੀ, "ਸੈੱਟ 'ਤੇ ਮੈਨੂੰ ਕਾਫੀ ਕੁਝ ਸਿੱਖਣ ਨੂੰ ਮਿਲਿਆ ਹੈ। ਮੈਂ ਡਾਂਸ ਦੇ ਅਲੱਗ ਅਲੱਗ ਸਟਾਈਲ ਸਿੱਖੇ। ਮੇਰੇ ਲਈ ਸੁਫਨੇ ਦੇ ਸੱਚ ਹੋਣ ਵਾਂਗ ਹੈ।" ਨੋਰਾ ਦੀ ਇਹ ਫਿਲਮ 24 ਜਨਵਰੀ 2020 ਨੂੰ ਰਿਲੀਜ਼ ਹੋਵੇਗੀ।


# ਸੋਨਾਕਸ਼ੀ ਤੋਂ ਟ੍ਰੀਟ ਮੰਗਣਾ ਨਹੀਂ ਭੁੱਲਦੇ ਸਲਮਾਨ





ਫਿਲਮ 'ਦਬੰਗ' ਤੋਂ ਫਿਲਮੀ ਕਰੀਅਰ ਸ਼ੁਰੂ ਕਰਨ ਵਾਲੀ ਸੋਨਾਕਸ਼ੀ ਸਿਨਹਾ ਅੱਜਕੱਲ੍ਹ 'ਖਾਨਦਾਨੀ ਸ਼ਫਾਖਾਨਾ' ਦੇ ਪ੍ਰਮੋਸ਼ਨ ਦੇ ਨਾਲ 'ਦਬੰਗ 3' ਦੀ ਸ਼ੂਟਿੰਗ ਕਰ ਰਹੀ ਹੈ। 'ਦਬੰਗ' ਦਾ ਆਫਰ ਮਿਲਣ ਦੀਆਂ ਯਾਦਾਂ ਅੱਜ ਵੀ ਉਸ ਦੇ ਮਨ ਵਿੱਚ ਤਾਜ਼ਾ ਹਨ। ਸੋਨਾਕਸ਼ੀ ਦੇ ਮੁਤਾਬਕ ਸ਼ੁਰੂ ਵਿੱਚ ਉਸ ਦਾ ਵਜ਼ਨ ਕਾਫੀ ਜ਼ਿਆਦਾ ਸੀ। ਉਸ ਨੇ ਅਭਿਨੈ ਵਿੱਚ ਆਉਣ ਦੀ ਕਲਪਨਾ ਤੱਕ ਨਹੀਂ ਕੀਤੀ ਸੀ। ਉਹ ਇੱਕ ਫੈਸ਼ਨ ਸ਼ੋਅ ਵਿੱਚ ਆਡੀਐਂਸ ਮੈਨੇਜਰ ਦਾ ਕੰਮ ਕਰ ਰਹੀ ਸੀ। ਉਸ ਵਿੱਚ ਸਲਮਾਨ ਦਰਸ਼ਕਾਂ ਦੀ ਲਾਈਨ ਵਿੱਚ ਬੈਠੇ ਸਨ। ਉਹ ਜਾਣਦੇ ਸਨ ਕਿ ਇਹ ਸ਼ਤਰੂਘਨ ਸਿਨਹਾ ਦੀ ਬੇਟੀ ਹੈ। ਅਰਾਮ ਨਾਲ ਸਲਮਾਨ ਉਸ ਦੇ ਕੋਲ ਗਏ ਅਤੇ ਉਸ ਨੂੰ ਵਜ਼ਨ ਘੱਟ ਕਰਨ ਦਾ ਸੁਝਾਅ ਦਿੱਤਾ, ਕਿਉਂਕਿ ਉਹ ਉਸ ਨੂੰ ਆਪਣੀ ਫਿਲਮ ਵਿੱਚ ਲੈਣਾ ਚਾਹੁੰਦੇ ਸਨ। ਇਸ ਦਾ ਖੁਲਾਸਾ ਸੋਨਾਕਸ਼ੀ ਨੇ ਕਪਿਲ ਸ਼ਰਮਾ ਦੇ ਸ਼ੋਅ ਵਿੱਚ ਕੀਤਾ ਸੀ।

ਸੋਨਾਕਸ਼ੀ ਦੇ ਮੁਤਾਬਕ ਸਲਮਾਨ ਦੀ ਗੱਲ ਸੁਣ ਕੇ ਉਹ ਖੁਸ਼ ਸੀ। ਉਸ ਨੇ ਵਜ਼ਨ ਘੱਟ ਕਰਨ ਦੀ ਠਾਣ ਲਈ। ਉਸ ਨੂੰ ਖੁਸ਼ ਦੇਖ ਕੇ ਸਲਮਾਨ ਨੇ ਇਸ ਖੁਸ਼ੀ ਦੇ ਲਈ ਟ੍ਰੀਟ ਦੇਣ ਲਈ ਕਿਹਾ ਸੀ। ਉਸ ਸਮੇਂ ਉਸ ਦੇ ਪਰਸ ਵਿੱਚ ਤਿੰਨ ਹਜ਼ਾਰ ਰੁਪਏ ਸਨ, ਜੋ ਉਸ ਨੇ ਫੈਸ਼ਨ ਸ਼ੋਅ ਤੋਂ ਕਮਾਏ ਸਨ। ਸਲਮਾਨ ਵਰਗੇ ਸੁਪਰ ਸਟਾਰ ਨੂੰ ਉਹ ਤਿੰਨ ਹਜ਼ਾਰ ਰੁਪਏ ਵਿੱਚ ਟ੍ਰੀਟ ਦੇਣ ਦੀ ਸੋਚ ਵੀ ਨਹੀਂ ਸਕਦੀ ਸੀ। ਅੱਜ ਸੋਨਾਕਸ਼ੀ ਆਪਣਾ ਮੁਕਾਮ ਬਣਾ ਚੁੱਕੀ ਹੈ, ਪਰ ਸਲਮਾਨ ਨੂੰ ਟ੍ਰੀਟ ਦੇਣਾ ਅਜੇ ਬਾਕੀ ਹੈ। ਸੋਨਾਕਸ਼ੀ ਦੇ ਮੁਤਾਬਕ ਸਲਮਾਨ ਉਸ ਨੂੰ ਟ੍ਰੀਟ ਦੇਣ ਦੀ ਯਾਦ ਦਿਵਾਉਣਾ ਭੁੱਲਦੇ ਨਹੀਂ।






www.BramptonTopRelator.com
JAG AUJLA REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232


Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*
*Some Conditions Apply

Top 1% Ranked Broker
Call For a Quick & Free Home Evaluation
www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price


CALEDON

**ਕੈਨੇਡੀ / ਡੋਗੱਲ**
ਬਹੁਤ ਹੀ ਸੋਹਣਾ ਤੇ ਸਾਫ ਸੁਥਰਾ ਡੀਟੈਚਡ ਘਰ, 2014 ਵਿੱਚ ਬਣਿਆ 4+2 ਬੈਡਰੂਮ ,5 ਵਾਸ਼ਰੂਮ ਅਤੇ ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਓਕ ਸਟੇਅਰਕੇਸ, ਸਟੈਨਡ ਹਾਰਡਵੁਡ ਫਲੋਰ, 2 ਮਾਸਟਰ ਬੈਡਰੂਮ। ਬਹੁਤ ਸੋਹਣੀ ਇਟ ਇਨ ਕਿਚਨ , ਸਟੇਨਲੈਸ ਸਟੀਲ ਅਪਲਾਈਨਸੈਸ।

BRAMPTON

**ਕੰਟਰੀਸਾਈਡ / ਮੇਅਫਿਲਡ**
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON

**ਬੋਵੇਰਡ/ਚਿੰਗੁਜੀ**
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ, ਐਂਡ ਯੂਨੀਟ ਫਰੀਹੋਲਡ ਟਾਊਨ ਹਾਊਸ, ਸੇਮੀ ਵਰਗਾ ਜਿਸ ਵਿੱਚ 3 ਬੈਡਰੂਮ +ਕੰਪਿਊਟਰ ਲਾਫਟ+2 ਵਾਸ਼ਰੂਮ, ਫਿਨੀਸ਼ਡ ਬੇਸਮੈਂਟ ਅਤੇ ਵਾਕ ਆਊਟ ਬੈਕ ਯਾਰਡ, ਲੇਮੀਨੈਟ ਫਲੋਰ,ਕਰਾਊਨ ਮੋਲਡਿੰਗ, ਪੋਟ ਲਾਈਟ ਅਤੇ ਬਹੁਤ ਹੀ ਸੋਹਣੀ ਇਟ ਇਨ ਕਿਚਨ ਹੈ।

CALEDON

**ਸੈਂਟ ਏਂਡਰੀਊ/ ਹਾਈਵੇ 24**
SOLD! SOLD! SOLD! AT BEST PRICE

BRAMPTON

**ਵੈਨ ਕੂਕ/ਵੇਨਲੈਸ/ਮੇਅਫਿਲਡ**
SOLD AT 99% OF ASKING PRICE IN 2 DAYS

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ



# Grand Upholstery Ltd
## Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Call Us For Guaranteed Lowest Airfare ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com




# REXDALE BODY SHOP
USED CAR SALE


CHEEMA

Specialization In:
- All Kinds of Body Work
- Auto Glass Windshield
- Denting, Painting & Welding

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM

LOWEST PRICE IN TOWN Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com



Check our Free E-paper
at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



TechSpirit
Consultation, Installation & Servicing



Specialized in:
- Analog & IP security cameras
- Installation & Maintenance Upgrade
- Video Doorbell Installation

1080p HD ਦੇ 4 ਸਿਕਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਹੋਰ ਸੇਵਾਵਾਂ:
Speaker/Soundbar Mount
Home Office Products
Small Kitchen Appliances
Media Box/Setup Box
Cell Phone Accessories
Car Accessories
DVD Shelves, Projector
Mount &Monitor Mount



For online shopping visit www.techspirit.ca
– SAME DAY SHIPPING – 100% SECURE PAYMENT

T.V WALL MOUNT ਵੀ ਇੰਸਟਾਲ ਕਰਦੇ ਹਨ

Call: 905-621-4100
7-8770 The Gore Road, Brampton, ON L6P 0B1
Opening Times
Mon - Sat 10 AM - 8 PM
Sunday 10 AM - 6 PM



# IFS INTERSTATE FREIGHT SYSTEMS INC.

# A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677